Scottish Government
Riaghaltas na h-Alba

# Scotland ਵਿੱਚ ਪਰਿਵਰਤਨ ਕਾਰਵਾਈਆਂ ਦੀ ਸਮਾਪਤੀ

## ਸਕਾਟਿਸ਼ ਸਰਕਾਰ ਦੀ ਸਲਾਹ

ਸੰਖੇਪ ਦਸਤਾਵੇਜ਼

# ਵਿਸ਼ਾ ਵਸਤੂ


| | |
|---|---|
| ਭਾਗ 1: ਸਲਾਹ | 3 |
| ਭਾਗ 2: ਜਾਣ-ਪਛਾਣ | 4 |
| ਭਾਗ 3: ਪਿਛੋਕੜ | 5 |
| ਭਾਗ 4: ਇਸ ਕਨੂੰਨ ਲਈ ਪਰਿਵਰਤਨ ਕਾਰਵਾਈਆਂ ਨੂੰ ਪਰਿਭਾਸ਼ਤ ਕਰਨਾ | 7 |
| ਭਾਗ 5: ਤਜਵੀਜ਼ਾਂ ਦੀ ਸੰਖੇਪ ਜਾਣਕਾਰੀ | 9 |
| ਭਾਗ 6: ਅਪਰਾਧਿਕ ਕਨੂੰਨ: ਸੰਖੇਪ ਜਾਣਕਾਰੀ | 11 |
| ਭਾਗ 7: ਪਰਿਵਰਤਨ ਕਾਰਵਾਈ ਵਿੱਚ ਸ਼ਾਮਲ ਹੋਣ ਦਾ ਜੁਰਮ | 12 |
| ਭਾਗ 8: ਅਪਰਾਧਿਕ ਜੁਰਮ - ਵਾਧੂ ਵਿਚਾਰ | 17 |
| ਭਾਗ 9: ਪਰਿਵਰਤਨ ਕਾਰਵਾਈਆਂ ਲਈ ਕਿਸੇ ਵਿਅਕਤੀ ਨੂੰ Scotland ਤੋਂ ਹਟਾਉਣਾ | 18 |
| ਭਾਗ 10: ਮੌਜੂਦਾ ਜੁਰਮਾਂ ਲਈ ਇੱਕ ਵਾਧਾ ਕਾਰਕ ਵਜੋਂ ਪਰਿਵਰਤਨ ਕਾਰਵਾਈਆ | 19 |
| ਭਾਗ 11: ਕਨਵੈਨਸ਼ਨ ਅਧਿਕਾਰਾਂ ਬਾਰੇ ਵਿਚਾਰ | 20 |
| ਭਾਗ 12: ਪਰਿਵਰਤਨ ਕਾਰਵਾਈਆਂ ਨਾਲ ਸੰਬੰਧਤ ਇੱਕ ਨਵਾਂ ਸਿਵਲ ਆਰਡਰ | 21 |
| ਭਾਗ 13: ਪਰਿਵਰਤਨ ਕਾਰਵਾਈਆਂ ਸੰਬੰਧੀ ਸੁਰੱਖਿਆ ਆਰਡਰ ਦੇ ਉਦੇਸ਼ | 22 |
| ਭਾਗ 14: ਸਿਵਲ ਆਰਡਰ - ਵਿਚਾਰ | 23 |
| ਭਾਗ 15: ਵਿਆਪਕ ਸਿਫ਼ਾਰਸ਼ਾਂ | 25 |
| ਭਾਗ 16: ਪ੍ਰਭਾਵ ਮੁਲਾਂਕਣ | 26 |

# ਭਾਗ 1: ਸਲਾਹ

1. ਸਲਾਹ ਨੀਤੀ ਬਣਾਉਣ ਦੀ ਪ੍ਰਕਿਰਿਆ ਦਾ ਇੱਕ ਜ਼ਰੂਰੀ ਹਿੱਸਾ ਹੈ। ਇਹ ਸਕਾਟਿਸ਼ ਸਰਕਾਰ ਨੂੰ ਕੰਮ ਦੇ ਪ੍ਰਸਤਾਵਿਤ ਖੇਤਰ 'ਤੇ ਜਨਤਕ ਰਾਏ ਅਤੇ ਮੁਹਾਰਤ ਪ੍ਰਾਪਤ ਕਰਨ ਦਾ ਮੌਕਾ ਦਿੰਦੀ ਹੈ।
2. ਇਹ ਇੱਕ ਸੰਖੇਪ ਦਸਤਾਵੇਜ਼ ਹੈ। ਪੂਰਾ ਸਲਾਹ ਦਸਤਾਵੇਜ਼ (www.gov.scot) ਦੇਖੋ।
3. ਤੁਸੀਂ ਆਨਲਾਈਨ Citizen Space ਰਾਹੀਂ ਜਾਂ ਡਾਕ ਰਾਹੀਂ ਇਸ ਸਲਾਹ ਲਈ ਪ੍ਰਤੀਕਿਰਿਆ ਦੇ ਸਕਦੇ ਹੋ। ਸਾਡੀ ਤਰਜੀਹ ਆਨਲਾਈਨ ਜਵਾਬ ਪ੍ਰਾਪਤ ਕਰਨਾ ਹੈ।
4. ਸਲਾਹ ਬੰਦ ਹੋ ਜਾਣ ਤੋਂ ਬਾਅਦ, ਅਸੀਂ ਪ੍ਰਤੀਕਿਰਿਆਵਾਂ ਨੂੰ ਪ੍ਰਕਾਸ਼ਿਤ ਕਰਾਂਗੇ, ਜਿੱਥੇ ਸਾਨੂੰ ਅਜਿਹਾ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।
5. ਸਲਾਹ ਨੂੰ 9 ਜਨਵਰੀ 2024 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ ਅਤੇ 2 ਅਪ੍ਰੈਲ 2024 ਦੀ ਅੱਧੀ ਰਾਤ ਨੂੰ ਬੰਦ ਹੋ ਜਾਵੇਗੀ।
6. ਪ੍ਰਤੀਕਿਰਿਆਵਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ, ਅਤੇ ਇਸ ਖੇਤਰ ਵਿੱਚ ਨੀਤੀ ਨੂੰ ਸੂਚਿਤ ਕਰਨ ਵਿੱਚ ਮਦਦ ਲਈ ਵਰਤਿਆ ਜਾਵੇਗਾ। ਸਲਾਹ ਦਾ ਵਿਸ਼ਲੇਸ਼ਣ ਸਮੇਂ ਸਿਰ ਪ੍ਰਕਾਸ਼ਿਤ ਕੀਤਾ ਜਾਵੇਗਾ।

# ਭਾਗ 2: ਜਾਣ-ਪਛਾਣ

7. 2022-2023 ਪ੍ਰੋਗਰਾਮ ਫੌਰ ਗਵਰਨਮੈਂਟ (PfG) ਵਿੱਚ, ਸਕਾਟਿਸ਼ ਸਰਕਾਰ ਨੇ ਜਿਨਸੀ ਰੁਝਾਨ ਅਤੇ ਲਿੰਗ ਪਛਾਣ ਦੋਵਾਂ ਸਮੇਤ, Scotland ਵਿੱਚ ਪਰਿਵਰਤਨ ਦੀਆਂ ਕਾਰਵਾਈਆਂ ਨੂੰ ਖਤਮ ਕਰਨ ਲਈ ਇੱਕ ਬਿੱਲ ਪੇਸ਼ ਕਰਨ ਦੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

8. UK ਸਰਕਾਰ ਆਪਣੇ 2018 LGBT ਐਕਸ਼ਨ ਪਲਾਨ ਵਿੱਚ ਪਰਿਵਰਤਨ ਥੈਰੇਪੀ ਦੀ ਕਾਰਵਾਈ ਨੂੰ ਸਮਾਪਤ ਕਰਨ ਲਈ ਵਚਨਬੱਧ ਹੋਈ ਅਤੇ ਅਕਤੂਬਰ 2021 ਵਿੱਚ ਇੱਕ ਸਲਾਹ ਪ੍ਰਕਾਸ਼ਿਤ ਕੀਤੀ ਗਈ। ਹਾਲਾਂਕਿ, UK ਸਰਕਾਰ ਦੇ ਵਿਧਾਨਿਕ ਪ੍ਰੋਗਰਾਮ 2023-2024 ਵਿੱਚ ਕੋਈ ਬਿੱਲ ਸ਼ਾਮਲ ਨਹੀਂ ਕੀਤਾ ਗਿਆ ਹੈ।

9. ਸਕਾਟਿਸ਼ ਸਰਕਾਰ ਨੂੰ ਪਰਿਵਰਤਨ ਦੀਆਂ ਕਾਰਵਾਈਆਂ ਨੂੰ ਸਮਾਪਤ ਕਰਨ ਦੇ ਇਸਦੇ ਦ੍ਰਿਸ਼ਟੀਕੋਣ ਬਾਰੇ ਸਲਾਹ ਦੇਣ ਲਈ ਮਾਰਚ 2022 ਵਿੱਚ ਪਰਿਵਰਤਨ ਕਾਰਵਾਈਆਂ ਨੂੰ ਸਮਾਪਤ ਕਰਨ 'ਤੇ ਮਾਹਰ ਸਲਾਹਕਾਰ ਸਮੂਹ (EAG) ਦੀ ਸਥਾਪਨਾ ਕੀਤੀ ਗਈ ਸੀ। ਇਸਦੀ ਰਿਪੋਰਟ ਅਕਤੂਬਰ 2022 ਵਿੱਚ ਪ੍ਰਕਾਸ਼ਿਤ ਕੀਤੀ ਗਈ ਸੀ।

10. ਸਮਾਨਤਾਵਾਂ, ਮਨੁੱਖੀ ਅਧਿਕਾਰਾਂ ਅਤੇ ਨਾਗਰਿਕ ਨਿਆਂ (EHRCJ) ਕਮੇਟੀ ਨੇ ਵੀ ਜਨਵਰੀ 2022 ਵਿੱਚ ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ। ਇਸ ਰਿਪੋਰਟ ਨੇ ਪਟੀਸ਼ਨ PE1817 ਦਾ ਜਵਾਬ ਦਿੱਤਾ: "ਸਕਾਟਿਸ਼ ਸੰਸਦ ਨੂੰ Scotland ਵਿੱਚ LGBT+ ਪਰਿਵਰਤਨ ਥੈਰੇਪੀ ਦੇ ਪ੍ਰਾਵਧਾਨ ਜਾਂ ਪ੍ਰਚਾਰ 'ਤੇ ਪਾਬੰਦੀ ਲਗਾਉਣ ਲਈ ਸਕਾਟਿਸ਼ ਸਰਕਾਰ ਨੂੰ ਅਪੀਲ ਕਰਨ ਲਈ ਬੁਲਾਇਆ ਜਾ ਰਿਹਾ ਹੈ"।

# ਭਾਗ 3: ਪਿਛੋਕੜ

**ਨੀਤੀ ਦਾ ਸੰਦਰਭ**

11. ਸਕਾਟਿਸ਼ ਸਰਕਾਰ ਇਹ ਯਕੀਨੀ ਕਰਨ ਲਈ ਵਚਨਬੱਧ ਹੈ ਕਿ Scotland ਵਿੱਚ ਹਰ ਵਿਅਕਤੀ ਦੇ ਅਧਿਕਾਰਾਂ ਦਾ ਸਤਿਕਾਰ, ਸੁਰੱਖਿਆ ਅਤੇ ਪੂਰਤੀ ਕੀਤੀ ਜਾਂਦੀ ਹੈ।

12. ਪਰਿਵਰਤਨ ਦੀਆਂ ਕਾਰਵਾਈਆਂ ਨੁਕਸਾਨਦੇਹ ਹਨ। ਉਨ੍ਹਾਂ ਦਾ ਇੱਕ ਅਜਿਹੀ ਵਿਚਾਰਧਾਰਾ ਦੇ ਅੰਦਰ ਪ੍ਰਚਾਰ ਕੀਤਾ ਜਾਂਦਾ ਹੈ ਜੋ LGBTQI+ ਪਛਾਣਾਂ ਨੂੰ ਗਲਤ ਸਮਝਦੀ ਹੈ ਅਤੇ ਮੰਨਦੀ ਹੈ ਕਿ ਉਨ੍ਹਾਂ ਨੂੰ ਬਦਲਿਆ ਜਾ ਸਕਦਾ ਹੈ। ਇਸ ਕਨੂੰਨ ਦਾ ਉਦੇਸ਼ ਲੋਕਾਂ ਨੂੰ ਪਰਿਵਰਤਨ ਦੀਆਂ ਕਾਰਵਾਈਆਂ ਦੇ ਨੁਕਸਾਨ ਤੋਂ ਬਚਾਉਣਾ ਹੈ।

**ਪਰਿਵਰਤਨ ਦੀਆਂ ਕਾਰਵਾਈਆਂ ਨਾਲ ਨਜਿੱਠਣ ਲਈ ਅੰਤਰਰਾਸ਼ਟਰੀ ਗਤੀਸ਼ੀਲਤਾ ਵਧ ਰਹੀ ਹੈ**

13. ਪਰਿਵਰਤਨ ਕਾਰਵਾਈਆਂ 'ਤੇ ਕਨੂੰਨ ਪਾਸ ਕੀਤੇ ਗਏ ਹਨ: ਮਾਲਟਾ, ਇਕਵਾਡੋਰ, ਜਰਮਨੀ, ਸਪੇਨ, ਫਰਾਂਸ, ਗ੍ਰੀਸ, ਸਾਈਪ੍ਰਸ, ਬੈਲਜੀਅਮ, ਆਈਸਲੈਂਡ, ਨਿਊਜ਼ੀਲੈਂਡ ਅਤੇ ਕੈਨੇਡਾ ਦੇ ਨਾਲ-ਨਾਲ ਆਸਟਰੇਲੀਆ, ਮੈਕਸੀਕੋ ਅਤੇ ਸੰਯੁਕਤ ਰਾਜ ਅਮਰੀਕਾ ਦੇ ਕਈ ਰਾਜ ਅਤੇ ਪ੍ਰਦੇਸ਼। ਆਇਰਲੈਂਡ ਗਣਰਾਜ ਵੀ ਪਰਿਵਰਤਨ ਦੀਆਂ ਕਾਰਵਾਈਆਂ 'ਤੇ ਪਾਬੰਦੀ ਲਗਾਉਣ ਲਈ ਕਨੂੰਨ ਲਿਆਉਣ ਲਈ ਵਚਨਬੱਧ ਹੋਇਆ ਹੈ।

**ਪਰਿਵਰਤਨ ਦੀਆਂ ਕਾਰਵਾਈਆਂ ਕੀ ਹਨ?**

14. "ਪਰਿਵਰਤਨ ਕਾਰਵਾਈਆਂ" ਸ਼ਬਦ ਦੀ ਕੋਈ ਅੰਤਰਰਾਸ਼ਟਰੀ, ਵਿਆਪਕ ਪਰਿਭਾਸ਼ਾ ਨਹੀਂ ਹੈ।

15. ਪਰਿਵਰਤਨ ਦੀਆਂ ਕਾਰਵਾਈਆਂ ਨੂੰ ਸਮਾਪਤ ਕਰਨ 'ਤੇ ਮਾਹਰ ਸਲਾਹਕਾਰ ਸਮੂਹ (EAG) ਨੇ ਪਰਿਵਰਤਨ ਦੀਆਂ ਕਾਰਵਾਈਆਂ ਨੂੰ "ਕਿਸੇ ਵੀ ਅਜਿਹੇ ਉਪਾਅ, ਕਾਰਵਾਈ ਜਾਂ ਕੋਸ਼ਿਸ਼ ਵਜੋਂ ਪਰਿਭਾਸ਼ਤ ਕੀਤਾ ਹੈ ਜਿਸਦਾ ਉਦੇਸ਼ ਕਿਸੇ ਵਿਅਕਤੀ ਦੇ ਜਿਨਸੀ ਰੁਝਾਨ, ਲਿੰਗੀ ਪਛਾਣ ਅਤੇ/ਜਾਂ ਲਿੰਗ ਲਹਿਜ਼ੇ ਨੂੰ ਬਦਲਣਾ, ਦਬਾਉਣਾ ਅਤੇ/ਜਾਂ ਸਮਾਪਤ ਕਰਨਾ ਹੈ।

16. ਇਸ ਕਨੂੰਨ ਦੇ ਉਦੇਸ਼ਾਂ ਲਈ ਪਰਿਵਰਤਨ ਕਾਰਵਾਈਆਂ ਨੂੰ ਪਰਿਭਾਸ਼ਤ ਕਰਨ ਲਈ ਸਾਡਾ ਖਾਸ ਤਜਵੀਜ਼ ਭਾਗ 4 ਵਿੱਚ ਹੇਠਾਂ ਨਿਰਧਾਰਤ ਕੀਤਾ ਗਿਆ ਹੈ।

# ਭਾਗ 3: ਪਿਛੋਕੜ

### Scotland ਵਿੱਚ ਪਰਿਵਰਤਨ ਕਾਰਵਾਈਆਂ ਦਾ ਪੈਮਾਨਾ ਕੀ ਹੈ?

17. ਪਰਿਵਰਤਨ ਕਾਰਵਾਈਆਂ ਦੇ ਅਕਸਰ-ਨਿੱਜੀ ਸੁਭਾਅ ਦੇ ਕਾਰਨ, ਸਬੂਤ ਅਕਸਰ ਸਵੈ-ਰਿਪੋਰਟਿੰਗ 'ਤੇ ਅਧਾਰਤ ਹੈ। UK ਸਰਕਾਰ ਦੇ 2017 ਰਾਸ਼ਟਰੀ LGBT ਸਰਵੇਖਣ ਨੇ ਪਛਾਣ ਕੀਤੀ ਹੈ ਕਿ, Scotland ਵਿੱਚ, 'LGBT' ਉੱਤਰਦਾਤਾਵਾਂ ਵਿੱਚੋਂ 7% ਨੂੰ ਜਾਂ ਤਾਂ 'ਪਰਿਵਰਤਨ ਥੈਰੇਪੀ' ਤੋਂ ਗੁਜ਼ਰਨਾ ਪਿਆ ਹੈ ਜਾਂ ਇਸ ਦੀ ਪੇਸ਼ਕਸ਼ ਕੀਤੀ ਗਈ ਸੀ। ਟ੍ਰਾਂਸਜੈਂਡਰ ਲੋਕਾਂ ਨੂੰ ਸਭ ਤੋਂ ਵੱਧ ਨਿਸ਼ਾਨਾ ਬਣਾਇਆ ਗਿਆ ਸੀ, 10% ਟ੍ਰਾਂਸਜੈਂਡਰ ਉੱਤਰਦਾਤਾਵਾਂ ਨੂੰ ਜਾਂ ਤਾਂ 'ਪਰਿਵਰਤਨ ਥੈਰੇਪੀ' ਤੋਂ ਗੁਜ਼ਰਨਾ ਪਿਆ ਸੀ, ਜਾਂ ਇਸ ਦੀ ਪੇਸ਼ਕਸ਼ ਕੀਤੀ ਗਈ ਸੀ। ਪੂਰੇ UK ਵਿੱਚ, ਵਿਸ਼ਵਾਸ ਸੰਸਥਾਵਾਂ ਉਹਸਭ ਤੋਂ ਵੱਧ ਸੰਭਾਵਤ ਸਮੂਹ ਸਨ ਜਿਨ੍ਹਾਂ ਨੇ 51% ਉੱਤਰਦਾਤਾਵਾਂ ਦੁਆਰਾ ਦਰਸਾਏ ਅਨੁਸਾਰ 'ਪਰਿਵਰਤਨ ਥੈਰੇਪੀ' ਕਰਵਾਈ ਗਈ।

18. ਸਰਵੇਖਣ ਵਿੱਚ ਇਹ ਵੀ ਪਾਇਆ ਗਿਆ ਕਿ, ਜਦੋਂ ਕਿ ਪੂਰੇ UK ਵਿੱਚ ਬਜ਼ੁਰਗ ਸਿਜੈਂਡਰ ਉੱਤਰਦਾਤਾਵਾਂ ਦੇ 'ਪਰਿਵਰਤਨ ਥੈਰੇਪੀ' ਤੋਂ ਗੁਜ਼ਰਨ ਦੀ ਜ਼ਿਆਦਾ ਸੰਭਾਵਨਾ ਸੀ, ਉੱਥੇ ਉਨ੍ਹਾਂ ਉੱਤਰਦਾਤਾਵਾਂ ਦੇ ਅਨੁਪਾਤ ਵਿੱਚ ਮੁਕਾਬਲਤਨ ਇਕਸਾਰ ਪੈਟਰਨ ਸੀ, ਜਿਨ੍ਹਾਂ ਨੇ 16-64 ਸਾਲਾਂ ਦੀ ਉਮਰ ਦੇ ਸਾਰੀਆਂ ਵਿੱਚ 'ਪਰਿਵਰਤਨ ਥੈਰੇਪੀ' ਕਰਵਾਈ ਸੀ, ਜਾਂ ਇਸ ਦੀ ਪੇਸ਼ਕਸ਼ ਕੀਤੀ ਗਈ ਸੀ। ਇਹ ਸੁਝਾਉਂਦਾ ਹੈ ਕਿ ਇਹ ਇੱਕ ਲਾਈਵ ਮੁੱਦਾ ਹੈ, ਨਾ ਕਿ ਸਿਰਫ਼ ਪੁਰਾਣੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਨ ਵਾਲਾ ਹੈ।

### LGBTQI+ ਨਸਲੀ ਘੱਟ ਗਿਣਤੀਆਂ ਦੇ ਅਨੁਭਵ

19. ਰਾਸ਼ਟਰੀ LGBT ਸਰਵੇਖਣ ਨੇ ਪਾਇਆ ਕਿ, UK ਦੇ ਅੰਦਰ, ਨਸਲੀ ਸਮੂਹ ਦੁਆਰਾ ਸਿਜੈਂਡਰ ਉੱਤਰਦਾਤਾਵਾਂ ਵਿੱਚ ਕਾਫੀ ਭਿੰਨਤਾ ਸੀ। ਉਦਾਹਰਨ ਲਈ, ਕਾਲੇ/ਅਫ਼ਰੀਕੀ/ਕੈਰੇਬੀਅਨ/ਕਾਲੇ ਬ੍ਰਿਟਿਸ਼ (13%) ਅਤੇ ਏਸ਼ੀਆਈ/ਏਸ਼ੀਆਈ ਬ੍ਰਿਟਿਸ਼ (14%) ਉੱਤਰਦਾਤਾਵਾਂ, ਅਤੇ ਇੱਕ 'ਹੋਰ' ਨਸਲੀ ਸਮੂਹ (15%) ਨਾਲ ਸੰਬੰਧਤ ਉੱਤਰਦਾਤਾਵਾਂ ਦੀ ਗੋਰੇ (7%) ਉੱਤਰਦਾਤਾਵਾਂ ਦੇ ਮੁਕਾਬਲੇ 'ਪਰਿਵਰਤਨ ਥੈਰੇਪੀ' ਦੀ ਪੇਸ਼ਕਸ਼ ਕੀਤੇ ਜਾਣ ਜਾਂ ਇਸਤੋਂ ਗੁਜ਼ਰਨ ਦੀ ਸੰਭਾਵਨਾ ਦੁੱਗਣੀ ਸੀ। 'LGBT+ POC ਅਤੇ ਪਰਿਵਰਤਨ ਕਾਰਵਾਈਆਂ ਦੇ ਘੱਟ ਗਿਣਤੀ ਨਸਲੀ ਯਕੀਨੀ ਅਨੁਭਵ' 'ਤੇ EAG ਦੀ ਰਿਪੋਰਟ ਨੇ ਪਾਇਆ ਕਿ ਬਹੁਤ ਸਾਰੇ ਘੱਟ ਗਿਣਤੀ ਭਾਈਚਾਰਿਆਂ ਵਿੱਚ ਪਰਿਵਰਤਨ ਕਾਰਵਾਈਆਂ ਅਕਸਰ ਕਿਸੇ ਨੂੰ ਆਪਣੀ ਪਛਾਣ ਨੂੰ ਦਬਾਉਣ ਲਈ ਮਜਬੂਰ ਕਰਨ ਦਾ ਰੂਪ ਧਾਰ ਲੈਂਦੀਆਂ ਹਨ।

### ਪਰਿਵਰਤਨ ਕਾਰਵਾਈਆਂ ਦਾ ਕੀ ਨੁਕਸਾਨ ਹੁੰਦਾ ਹੈ?

20. ਪਰਿਵਰਤਨ ਕਾਰਵਾਈਆਂ ਕੁਦਰਤੀ ਤੌਰ 'ਤੇ ਨੁਕਸਾਨਦੇਹ ਹਨ, ਅਤੇ ਜੀਵਨ ਭਰ ਪ੍ਰਭਾਵ ਪਾ ਸਕਦੀਆਂ ਹਨ, ਜਿਵੇਂ ਕਿ ਆਸਟ੍ਰੇਲੀਆਦੀ ਖੋਜ ਦੁਆਰਾ ਦਿਖਾਇਆ ਗਿਆ ਹੈ। ਉਹ ਲੋਕਾਂ ਦੇ ਖੁਦ ਨੂੰ ਵਿਅਕਤ ਕਰਨ ਦੇ ਅਧਿਕਾਰ ਤੋਂ ਇਨਕਾਰ ਕਰਦੇ ਹਨ ਅਤੇ ਸਮੁੱਚੇ ਤੌਰ 'ਤੇ LGBTQI+ ਭਾਈਚਾਰੇ ਨੂੰ ਸੰਦੇਸ਼ ਦਿੰਦੇ ਹਨ ਕਿ ਉਨ੍ਹਾਂ ਦੀ ਪਛਾਣ ਗਲਤ ਹੈ ਅਤੇ ਇਸ ਨੂੰ ਠੀਕ ਕੀਤਾ ਜਾ ਸਕਦਾ ਹੈ ਜਾਂ ਦਬਾਇਆ ਜਾ ਸਕਦਾ ਹੈ ਅਤੇ ਇਸ ਨੂੰ ਠੀਕ ਕੀਤਾ ਜਾਣਾ ਚਾਹੀਦਾ ਹੈ ਜਾਂ ਦਬਾਇਆ ਜਾਣਾ ਚਾਹੀਦਾ ਹੈ।

21. ਪਰਿਵਰਤਨ ਕਾਰਵਾਈਆਂ ਦੇ ਜੀਵਿਤ ਅਨੁਭਵ ਵਾਲੇ ਵਿਅਕਤੀਆਂ ਦੁਆਰਾ EHRCJ ਕਮੇਟੀ ਨੂੰ ਦਿੱਤੀਆਂ ਗਈਆਂ ਗਵਾਹੀਆਂ PTSD, ਡਰਾਉਣੇ ਸੁਪਨਿਆਂ, ਬੁਲੀਮੀਆ, ਸਵੈ-ਨੁਕਸਾਨ, ਸ਼ਰਮ ਅਤੇ ਦਹਿਸ਼ਤ ਦੇ ਹਮਲਿਆਂ ਦਾ ਵਰਣਨ ਕਰਦੀਆਂ ਹਨ।

# ਭਾਗ 4: ਇਸ ਕਨੂੰਨ ਲਈ ਪਰਿਵਰਤਨ ਕਾਰਵਾਈਆਂ ਨੂੰ ਪਰਿਭਾਸ਼ਤ ਕਰਨਾ

### ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗੀ ਪਛਾਣ ਨੂੰ ਬਦਲਣ ਜਾਂ ਦਬਾਉਣ ਦਾ ਇਰਾਦਾ

22. ਸਾਡੀਆਂ ਤਜਵੀਜ਼ਾਂ ਕਨੂੰਨ ਅਤੇ ਵੱਖ-ਵੱਖ ਸੰਸਥਾਵਾਂ ਦੁਆਰਾ ਵਰਤੀਆਂ ਜਾਂਦੀਆਂ ਪਰਿਭਾਸ਼ਾਵਾਂ ਦੁਆਰਾ, ਅਤੇ ਦੂਜੇ ਦੇਸ਼ਾਂ ਵਿੱਚ ਸੂਚਿਤ ਹਨ। ਅਸੀਂ ਮੰਨਦੇ ਹਾਂ ਕਿ ਪਰਿਵਰਤਨ ਕਾਰਵਾਈ ਦੀ ਪਰਿਭਾਸ਼ਾ ਦਾ ਮੂਲ ਕਿਸੇ ਹੋਰ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਣ ਜਾਂ ਦਬਾਉਣ ਦਾ ਉਦੇਸ਼ ਜਾਂ ਮਕਸਦ ਹੈ।

23. ਇਸ ਕਨੂੰਨ ਦੇ ਦਾਇਰੇ ਵਿੱਚ ਆਉਣ ਵਾਲੇ ਕਿਸੇ ਵੀ ਕੰਮ ਜਾਂ ਵਿਹਾਰ ਦੇ ਕੋਰਸ ਲਈ, ਇਸ ਨੂੰ ਇਸ ਮਕਸਦ ਦੀ ਜ਼ਰੂਰਤ ਨੂੰ ਪੂਰਾ ਕਰਨਾ ਹੋਵੇਗਾ।

### ਇੱਕ ਬਰਾਬਰ ਅਤੇ ਸਰਵ ਵਿਆਪਕ ਦ੍ਰਿਸ਼ਟੀਕੋਣ

24. ਸਾਡਾ ਮੰਨਣਾ ਹੈ ਕਿ ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਣ ਦਾ ਕੋਈ ਵੀ ਯਤਨ ਨੁਕਸਾਨਦੇਹ ਹੈ, ਇਸ ਗੱਲ ਦੀ ਪਰਵਾਹ ਕੀਤੇ ਬਗੈਰ ਕਿ ਕੋਈ ਵਿਅਕਤੀ ਕਿਵੇਂ ਪਛਾਣਿਆ ਜਾਂਦਾ ਹੈ। ਇਸ ਵਿੱਚ ਵਿਪਰੀਤ ਲਿੰਗੀ, ਜਾਂ ਸਿਜੈਂਡਰ ਲਈ ਨਿਰਦੇਸ਼ਿਤ ਤਬਦੀਲੀ ਦੇ ਯਤਨ ਸ਼ਾਮਲ ਹਨ। ਕਨੂੰਨ ਇਸ ਬਾਰੇ ਸਪੱਸ਼ਟ ਹੋਵੇਗਾ ਕਿ ਕਿਸੇ ਵਿਅਕਤੀ ਦੀ ਲਿੰਗ ਪਛਾਣ ਨਾਲ ਸੰਬੰਧਤ ਸਿਹਤ ਸੰਭਾਲ ਪੇਸ਼ੇਵਰ ਦੁਆਰਾ ਡਾਕਟਰੀ ਦੇਖਭਾਲ ਦੀ ਵਿਵਸਥਾ ਕੋਈ ਪਰਿਵਰਤਨ ਕਾਰਵਾਈ ਨਹੀਂ ਹੈ।

### ਕਾਰਵਾਈ ਵਿੱਚ ਇਸਦਾ ਕੀ ਮਤਲਬ ਹੈ?

25. ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਣ ਜਾਂ ਦਬਾਉਣ ਦਾ ਮੁੱਖ ਇਰਾਦਾ, ਵਿਸ਼ਵਾਸ ਜਾਂ ਰਾਏ ਦੇ ਆਮ ਬਿਆਨਾਂ ਤੋਂ ਪਰਿਵਰਤਨ ਕਾਰਵਾਈਆਂ ਨੂੰ ਵੱਖਰਾ ਕਰਦਾ ਹੈ।

26. ਇਸ ਕਨੂੰਨ ਵਿੱਚ ਅਜਿਹੇ ਵਿਅਕਤੀ ਲਈ ਗੈਰ-ਨਿਰਦੇਸ਼ਕ ਅਤੇ ਨੈਤਿਕ ਮਾਰਗਦਰਸ਼ਨ ਅਤੇ ਸਮਰਥਨ ਸ਼ਾਮਲ ਨਹੀਂ ਹੁੰਦਾ ਹੈ ਜੋ ਸ਼ਾਇਦ ਆਪਣੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ 'ਤੇ ਸਵਾਲ ਕਰ ਰਿਹਾ ਹੋਵੇ, ਭਾਵੇਂ ਇਹ ਕਿਸੇ ਸਿਹਤ ਸੰਭਾਲ ਪ੍ਰੈਕਟੀਸ਼ਨਰ, ਪਰਿਵਾਰ ਦੇ ਸਦੱਸ, ਜਾਂ ਕਿਸੇ ਧਾਰਮਿਕ ਆਗੂ ਦੁਆਰਾ ਮੁਹੱਈਆ ਕੀਤਾ ਗਿਆ ਹੋਵੇ। ਫਰਕ ਇਹ ਹੈ ਕਿ ਵਿਅਕਤੀਆਂ ਨੂੰ ਆਪਣੇ ਫ਼ੈਸਲੇ 'ਤੇ ਆਉਣ ਦੀ ਮਨਜ਼ੂਰੀ ਦਿੱਤੀ ਜਾਣੀ ਚਾਹੀਦੀ ਹੈ, ਜੋ ਵੀ ਹੋਵੇ, ਅਤੇ 'ਤਰਜੀਹੀ' ਮੰਨੇ ਜਾਂਦੇ ਕਿਸੇ ਖਾਸ ਪੂਰਵ-ਨਿਰਧਾਰਤ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਵੱਲ ਨਿਰਦੇਸ਼ਿਤ ਨਹੀਂ ਕੀਤਾ ਜਾਣਾ ਚਾਹੀਦਾ ਹੈ।

1. ਕੀ ਤੁਸੀਂ ਪਰਿਵਰਤਨ ਕਾਰਵਾਈਆਂ ਨੂੰ ਪਰਿਭਾਸ਼ਤ ਕਰਦੇ ਸਾਡੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੇ ਹੋ ਜੋ ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਣ ਜਾਂ ਦਬਾਉਣ ਦੇ ਇਰਾਦੇ ਨਾਲ ਪ੍ਰੇਰਿਤ ਵਿਵਹਾਰ 'ਤੇ ਕੇਂਦ੍ਰਤ ਹੁੰਦਾ ਹੈ?

   - ☐ ਹਾਂ
   - ☐ ਨਹੀਂ
   - ☐ ਮੈਨੂੰ ਨਹੀਂ ਪਤਾ

2. ਕਿਰਪਾ ਕਰਕੇ ਸਵਾਲ 1 ਦੇ ਆਪਣੇ ਜਵਾਬ ਦਾ ਕਾਰਨ ਦੱਸੋ।

# ਭਾਗ 4: ਇਸ ਕਨੂੰਨ ਲਈ ਪਰਿਵਰਤਨ ਕਾਰਵਾਈਆਂ ਨੂੰ ਪਰਿਭਾਸ਼ਤ ਕਰਨਾ

### ਦਮਨ

27. ਜ਼ਿਆਦਾਤਰ ਅੰਤਰਰਾਸ਼ਟਰੀ ਕਨੂੰਨ, ਨਾਲ ਹੀ ਸਮਝੌਤਾ ਮੈਮੋਰੰਡਮ ਅਤੇ EAG ਅਤੇ EHRCJ ਕਮੇਟੀ ਦੀਆਂ ਰਿਪੋਰਟਾਂ, ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਣ ਦੇ ਇਰਾਦੇ, ਅਤੇ ਇਸ ਨੂੰ ਦਬਾਉਣ ਦੇ ਇਰਾਦੇ ਦੋਹਾਂ ਨੂੰ ਸ਼ਾਮਲ ਕਰਨ ਲਈ ਪਰਿਵਰਤਨ ਕਾਰਵਾਈਆਂ ਨੂੰ ਪਰਿਭਾਸ਼ਤ ਕਰਦੇ ਹਨ। ਹਾਲਾਂਕਿ ਬੁਨਿਆਦੀ ਐਕਟ ਸਮਾਨ ਹੋ ਸਕਦਾ ਹੈ, ਪਰ ਫਰਕਐਕਟ ਦੇ ਪਿੱਛੇ ਦੀ ਪ੍ਰੇਰਣਾ ਵਿੱਚ ਹੁੰਦਾ ਹੈ।

28. ਇਸ ਸੰਦਰਭ ਵਿੱਚ ਅਸੀਂ **ਦਮਨ** ਨੂੰ ਅਜਿਹੇ ਕੰਮਾਂ ਵਜੋਂ ਪਰਿਭਾਸ਼ਤ ਕਰਦੇ ਹਾਂ ਜੋ ਕਿਸੇ ਹੋਰ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਦੇ ਵਿਕਾਸ ਜਾਂ ਪ੍ਰਗਟਾਵੇ ਨੂੰ ਦਬਾਉਣ, ਅਤੇ/ਜਾਂ ਰੋਕਣ ਦੀ ਕੋਸ਼ਿਸ਼ ਕਰਦੇ ਹਨ। **ਦਬਾਉਣ** ਦਾ ਮਤਲਬ ਹੈ ਕਿਸੇ ਚੀਜ਼ ਨੂੰ ਰੋਕਣਾ ਜਾਂ ਆਪਣੇ ਅਧੀਨ ਕਰਨਾ (ਅਕਸਰ ਜ਼ੋਰ ਰਾਹੀਂ)। **ਪ੍ਰਗਟਾਵੇ** ਦਾ ਮਤਲਬ ਹੈ, ਕੰਮ ਜਾਂ ਦਿੱਖ ਰਾਹੀਂ ਦਿਖਾਉਣਾ।

29. ਦਮਨ ਨੂੰ ਸ਼ਾਮਲ ਕਰਨ ਦਾ ਮਤਲਬ ਹੈ ਕਿ LGBTQI+ ਲੋਕਾਂ ਲਈ ਸੁਰੱਖਿਆ ਦਾ ਇੱਕ ਵਿਸ਼ਾਲ ਜਾਲ ਹੋਵੇਗਾ ਅਤੇ ਕਨੂੰਨ ਵਿੱਚ ਕਿਸੇ ਵੀ ਸੰਭਾਵੀ ਕਮੀਆਂ ਤੋਂ ਬਚਿਆ ਜਾਵੇਗਾ।

3. ਕੀ ਤੁਹਾਨੂੰ ਲੱਗਦਾ ਹੈ ਕਿ ਕਨੂੰਨ ਨੂੰ ਕਿਸੇ ਹੋਰ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ 'ਦਬਾਉਣ' ਦੇ ਇਰਾਦੇ ਨਾਲ ਕਾਰਵਾਈਆਂ ਜਾਂ ਵਿਵਹਾਰ ਦੇ ਕੋਰਸਾਂ ਨੂੰ ਕਵਰ ਕਰਨਾ ਚਾਹੀਦਾ ਹੈ?

   - ☐ ਇਸ ਨੂੰ ਕਵਰ ਕੀਤਾ ਜਾਣਾ ਚਾਹੀਦਾ ਹੈ
   - ☐ ਇਸ ਨੂੰ ਕਵਰ ਨਹੀਂਕੀਤਾ ਜਾਣਾ ਚਾਹੀਦਾ ਹੈ
   - ☐ ਮੈਨੂੰ ਨਹੀਂ ਪਤਾ

4. ਕਿਰਪਾ ਕਰਕੇ ਸਵਾਲ 3 ਲਈ ਆਪਣੇ ਜਵਾਬ ਦੇ ਕਾਰਨ ਦਿਓ।

### ਜਿਨਸੀ ਰੁਝਾਨ ਅਤੇ ਲਿੰਗ ਪਛਾਣ

30. EHRCJ ਕਮੇਟੀ ਨੇ ਸਿੱਟਾ ਕੱਢਿਆ ਕਿ ਪਰਿਵਰਤਨ ਕਰਵਾਈਆਂ 'ਤੇ ਪਾਬੰਦੀ ਪੂਰੀ ਤਰ੍ਹਾਂ ਵਿਆਪਕ ਹੋਣੀ ਚਾਹੀਦੀ ਹੈ ਅਤੇ ਬਗੈਰ ਕਿਸੇ ਅਪਵਾਦ ਦੇ ਸਾਰੇ ਕੇਂਦਰਾਂ ਵਿੱਚ ਬਾਲਗਾਂ ਅਤੇ ਬੱਚਿਆਂ ਦੋਵਾਂ ਲਈ, ਟ੍ਰਾਂਸ ਪਛਾਣ ਸਮੇਤ, ਜਿਨਸੀ ਰੁਝਾਨ ਅਤੇ ਲਿੰਗ ਪਛਾਣ ਨੂੰ ਕਵਰ ਕਰਨਾ ਚਾਹੀਦਾ ਹੈ।

31. ਸਾਡਾ ਮੰਨਣਾ ਹੈ ਕਿ ਇਹ ਮਹੱਤਵਪੂਰਨ ਹੈ ਕਿ ਕਨੂੰਨ ਕਿਸੇ ਵੀ ਅਜਿਹੀ ਪਰਿਵਰਤਨ ਕਾਰਵਾਈ ਨਾਲ ਸੰਬੰਧਤ ਹੈ ਜੋ ਕਿਸੇ ਵਿਅਕਤੀ ਨੂੰ ਇੱਕ ਜਿਨਸੀ ਰੁਝਾਨ ਤੋਂ ਦੂਜੇ ਵਿੱਚ ਬਦਲਣ ਜਾਂ ਉਸ ਜਿਨਸੀ ਰੁਝਾਨ ਨੂੰ ਦਬਾਉਣ ਦੀ ਕੋਸ਼ਿਸ਼ ਕਰਦਾ ਹੈ।


32. ਸਾਡੀਆਂ ਤਜਵੀਜ਼ਾਂ ਵਿੱਚ ਅਸੀਂ ਜਿਨਸੀ ਰੁਝਾਨ ਅਤੇ ਲਿੰਗ ਪਛਾਣ ਦੋਵਾਂ ਲਈ ਆਮ ਅਰਥਾਂ ਦੀ ਵਰਤੋਂ ਕਰਦੇ ਹਾਂ, ਜਿਵੇਂ ਕਿ ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਵਿੱਚ ਪਾਇਆ ਜਾਂਦਾ ਹੈ। ਇਹ ਹਨ:

**ਲਿੰਗ ਪਛਾਣ:** ਕਿਸੇ ਵਿਅਕਤੀ ਦੀ ਕਿਸੇ ਖਾਸ ਲਿੰਗ ਜਾਂ ਲਿੰਗਾਂਦੇ ਹੋਣ ਜਾਂ ਨਾਲ ਸੰਬੰਧਤ ਹੋਣ, ਜਾਂ ਲਿੰਗ ਨਾ ਹੋਣ ਦੀ ਵਿਅਕਤੀਗਤ ਭਾਵਨਾ।

**ਜਿਨਸੀ ਰੁਝਾਨ:** ਲਿੰਗ ਦੇ ਸੰਬੰਧ ਵਿੱਚ ਇੱਕ ਵਿਅਕਤੀ ਦੀ ਜਿਨਸੀ ਪਛਾਣ ਜਿਸ ਵੱਲ [ਉਹ] ਆਮ ਤੌਰ 'ਤੇ ਆਕਰਸ਼ਿਤ ਹੁੰਦੇ ਹਨ; (ਵਿਆਪਕ ਤੌਰ 'ਤੇ) ਵਿਪਰੀਤ, ਲਿੰਗੀ, ਜਾਂ ਸਮਲਿੰਗੀ ਹੋਣ ਦਾ ਤੱਥ।

33. ਅਸੀਂ ਉਸ ਸਥਿਤੀ ਨੂੰ ਵੀ ਸ਼ਾਮਲ ਕਰਾਂਗੇ ਜਿੱਥੇ ਪੀੜ੍ਹਤ ਦਾ ਦੂਜੇ ਵਿਅਕਤੀਆਂ ਪ੍ਰਤੀ ਕੋਈ ਜਿਨਸੀ ਰੁਝਾਨ ਨਹੀਂ ਹੁੰਦਾ ਹੈ।

# ਭਾਗ 5: ਤਜਵੀਜ਼ਾਂ ਦੀ ਸੰਖੇਪ ਜਾਣਕਾਰੀ



# ਭਾਗ 5: ਤਜਵੀਜ਼ਾਂ ਦੀ ਸੰਖੇਪ ਜਾਣਕਾਰੀ

**ਉਪਾਵਾਂ ਦਾ ਪੈਕੇਜ**

34. ਅਸੀਂ Scotland ਵਿੱਚ ਪਰਿਵਰਤਨ ਕਾਰਵਾਈਆਂ ਦਾ ਹੱਲ ਕਰਨ ਅਤੇ ਨੁਕਸਾਨ ਨੂੰ ਰੋਕਣ ਲਈ ਉਪਾਵਾਂ ਦੇ ਪੈਕੇਜ ਦੀ ਤਜਵੀਜ਼ ਕਰਦੇ ਹਾਂ, ਜਿਵੇਂ ਕਿ ਜ਼ਬਰਦਸਤੀ ਵਿਆਹ, ਮਾਦਾ ਜਣਨ ਅੰਗਾਂ ਦੇ ਵਿਗਾੜ, ਅਤੇ ਘਰੇਲੂ ਸ਼ੋਸ਼ਣ ਨੂੰ ਹੱਲ ਕਰਨ ਲਈ ਵਰਤੀ ਜਾਂਦੀ ਪਹੁੰਚ।

| **ਨਵੇਂ ਅਪਰਾਧਿਕ ਜੁਰਮ** | **ਵਿਧਾਨਿਕ ਵਾਧਾ** | **ਸਿਵਲ ਪ੍ਰੋਟੈਕਸ਼ਨ ਆਰਡਰ** |
|---|---|---|
| ਇਹ ਕੁਝ ਹੱਦਾਂ ਪੂਰੀਆਂ ਹੋਣ 'ਤੇ ਕਿਸੇ ਵਿਅਕਤੀ ਦੇ ਖਿਲਾਫ਼ ਕੀਤੀਆਂ **ਨੁਕਸਾਨਦੇਹ** ਪਰਿਵਰਤਨ ਕਾਰਵਾਈਆਂ ਨੂੰ ਅਪਰਾਧ ਬਣਾ ਦੇਵੇਗਾ।<br><br>ਇਹ ਦੋ ਕਿਸਮਾਂ ਦੇ ਵਿਵਹਾਰ 'ਤੇ ਕੇਂਦ੍ਰਤ ਕਰੇਗਾ: ਸੇਵਾ ਦੀ ਵਿਵਸਥਾ, ਅਤੇ ਕੋਈ ਜ਼ਬਰਦਸਤੀ ਵਾਲਾ ਵਿਵਹਾਰ।<br><br>ਪਰਿਵਰਤਨ ਕਾਰਵਾਈਆਂ ਲਈ ਕਿਸੇ ਵਿਅਕਤੀ ਨੂੰ Scotland ਤੋਂ ਬਾਹਰ ਲਿਜਾਣ ਨਾਲ ਸੰਬੰਧਤ ਅਪਰਾਧ ਵੀ ਹੋਵੇਗਾ।<br><br>ਦੋਸ਼ੀ ਪਾਏ ਜਾਣ ਵਾਲਿਆਂ ਨੂੰ ਜੁਰਮਾਨਾ ਜਾਂ ਕੈਦ ਹੋਵੇਗੀ। | ਜਿੱਥੇ ਪਰਿਵਰਤਨ ਕਾਰਵਾਈ ਦੇ ਹਿੱਸੇ ਵਜੋਂ ਕੀਤਾ(ਤੇ) ਗਿਆ(ਗਏ) ਕੰਮ ਪਹਿਲਾਂ ਹੀ ਅਪਰਾਧਿਕ ਜੁਰਮ ਹਨ, ਉਦਾਹਰਨ ਲਈ, ਹਮਲਾ, ਇੱਕ ਨਵਾਂ ਕਨੂੰਨੀ ਵਾਧਾ ਹੋਵੇਗਾ ਜਿੱਥੇ ਅਪਰਾਧ ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਣ ਜਾਂ ਦਬਾਉਣ ਦੁਆਰਾ ਪ੍ਰੇਰਿਤ ਕੀਤਾ ਗਿਆ ਸੀ।<br><br>ਅਦਾਲਤਾਂ ਨੂੰ ਸਜ਼ਾ ਸੁਣਾਉਣ ਸਮੇਂ ਇਸ ਪ੍ਰੇਰਣਾ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੋਵੇਗੀ। | ਨਾਗਰਿਕ ਸੁਰੱਖਿਆ ਹੁਕਮ ਇੱਕ **ਰੋਕਥਾਮ ਅਤੇ ਸੁਰੱਖਿਆ ਵਾਲਾ** ਸਾਧਨ ਹੈ।<br><br>ਨਾਗਰਿਕ ਅਦਾਲਤਾਂ ਕਿਸੇ ਖਾਸ ਪੀੜਤ ਜਾਂ ਵਿਆਪਕ ਭਾਈਚਾਰੇ ਨੂੰ ਪਰਿਵਰਤਨ ਕਾਰਵਾਈਆਂ ਦੇ ਨੁਕਸਾਨ ਤੋਂ ਬਚਾਉਣ ਲਈ ਹੁਕਮ ਦੇਣ ਦੇ ਯੋਗ ਹੋਣਗੀਆਂ।<br><br>ਨਾਗਰਿਕ ਹੁਕਮ ਦੀ ਉਲੰਘਣਾ ਇੱਕ ਅਪਰਾਧਿਕ ਜੁਰਮ ਹੋਵੇਗਾ। |

5. ਕੀ ਤੁਸੀਂ ਅਜਿਹੇ ਦ੍ਰਿਸ਼ਟੀਕੋਣ ਦਾ ਸਮਰਥਨ ਕਰਦੇ ਹੋ ਜਾਂ ਨਹੀਂ ਜੋ ਕਨੂੰਨ ਵਿੱਚ ਪਰਿਵਰਤਨ ਕਾਰਵਾਈਆਂ ਦਾ ਹੱਲ ਕਰਨ ਲਈ ਅਪਰਾਧਿਕ ਅਤੇ ਨਾਗਰਿਕ ਉਪਾਵਾਂ ਦੇ ਪੈਕੇਜ ਦੀ ਵਰਤੋਂ ਕਰਦਾ ਹੈ?

- ☐ ਸਮਰਥਨ ਕਰਦੇ ਹੋ
- ☐ ਸਮਰਥਨ ਨਹੀਂ ਕਰਦੇ ਹੋ
- ☐ ਮੈਨੂੰ ਨਹੀਂ ਪਤਾ

6. ਕਿਰਪਾ ਕਰਕੇ ਸਵਾਲ 5 ਲਈ ਆਪਣੇ ਜਵਾਬ ਦੇ ਕਾਰਨ ਦਿਓ।

# ਭਾਗ 6: ਅਪਰਾਧਿਕ ਕਨੂੰਨ: ਸੰਖੇਪ ਜਾਣਕਾਰੀ

35. ਸਾਡਾ ਮੰਨਣਾ ਹੈ ਕਿ ਅਪਰਾਧਿਕ ਕਨੂੰਨ ਦੀ ਵਰਤੋਂ ਪਰਿਵਰਤਨ ਕਾਰਵਾਈਆਂ ਦਾ ਹੱਲ ਕਰਨ ਲਈ ਕੀਤੀ ਜਾਣੀ ਚਾਹੀਦੀ ਹੈ ਜੋ ਨੁਕਸਾਨਦੇਹ ਹਨ, ਅਤੇ ਜੋ ਮੌਜੂਦਾ ਕਨੂੰਨ ਦੇ ਅਧੀਨ ਢੁਕਵੇਂ ਤਰੀਕੇ ਨਾਲ ਹੱਲ ਨਹੀਂ ਕੀਤੀਆਂ ਜਾਂਦੀਆਂ ਹਨ।

### ਮੌਜੂਦਾ ਅਪਰਾਧਿਕ ਕਨੂੰਨ

36. ਪਰਿਵਰਤਨ ਕਾਰਵਾਈਆਂ ਦੇ ਕੁਝ ਰੂਪ ਪਹਿਲਾਂ ਹੀ ਮੌਜੂਦਾ ਅਪਰਾਧਿਕ ਜੁਰਮਾਂ ਦੇ ਅੰਦਰ ਆਉਣਗੇ, ਜਿਵੇਂ ਕਿ ਜਿਨਸੀ ਹਮਲਾ, ਧਮਕੀ ਅਤੇ ਦੁਰਵਿਵਹਾਰ ਅਤੇ ਪਿੱਛਾ ਕਰਨਾ ਸਮੇਤ, ਹਮਲਾ। ਸਾਡੇ ਵਿਸ਼ਲੇਸ਼ਣ ਨੇ ਦਿਖਾਇਆ ਹੈ ਕਿ ਸਾਰੀਆਂ ਕਿਸਮਾਂ ਦੀਆਂ ਪਰਿਵਰਤਨ ਕਾਰਵਾਈਆਂ ਨੂੰ ਮੌਜੂਦਾ ਅਪਰਾਧਾਂ ਦੁਆਰਾ ਹੱਲ ਨਹੀਂ ਕੀਤਾ ਜਾ ਸਕਦਾ ਹੈ।

### ਪਰਿਵਰਤਨ ਕਾਰਵਾਈਆਂ ਨਾਲ ਸੰਬੰਧਤ ਨਵੇਂ ਅਪਰਾਧਿਕ ਜੁਰਮ

37. ਸਾਡੀ ਤਜਵੀਜ਼ ਨੁਕਸਾਨਦੇਹ ਪਰਿਵਰਤਨ ਕਾਰਵਾਈਆਂ ਨਾਲ ਸੰਬੰਧਤ ਕਨੂੰਨ ਵਿੱਚ ਪਾੜੇ ਨੂੰ ਖਤਮ ਕਰਨ ਲਈ ਨਵੇਂ ਅਪਰਾਧਿਕ ਜੁਰਮ ਬਣਾਉਣਾ, ਵਿਅਕਤੀਆਂ ਨੂੰ ਉਸ ਨੁਕਸਾਨ ਤੋਂ ਬਚਾਉਣਾ, ਅਤੇ ਅਜਿਹਾ ਵਿਵਹਾਰ ਹੋਣ 'ਤੇ ਅਪਰਾਧਿਕ ਸਜ਼ਾਵਾਂ ਦੇਣਾ ਹੈ। ਨਵੇਂ ਅਪਰਾਧਿਕ ਜੁਰਮ ਤਿੰਨ ਕਿਸਮਾਂ ਦੀਆਂ ਪਰਿਵਰਤਨ ਕਾਰਵਾਈਆਂਦਾ ਹੱਲ ਕਰਣਗੇ: ਸੇਵਾ ਦੀ ਵਿਵਸਥਾ; ਕੋਈ ਜ਼ਬਰਦਸਤੀ ਵਾਲਾ ਵਿਵਹਾਰ; ਅਤੇ ਕਿਸੇ ਨੂੰ ਪਰਿਵਰਤਨ ਕਾਰਵਾਈਆਂ ਲਈ Scotland ਤੋਂ ਬਾਹਰ ਲਿਜਾਣਾ।

# ਭਾਗ 7: ਪਰਿਵਰਤਨ ਕਾਰਵਾਈ ਵਿੱਚ ਸ਼ਾਮਲ ਹੋਣ ਦਾ ਜੁਰਮ

## ਅਪਰਾਧਿਕ ਜੁਰਮ ਬਾਰੇ ਸੰਖੇਪ ਜਾਣਕਾਰੀ

**ਐਕਟ**
ਸੇਵਾ ਦਾ ਪ੍ਰਬੰਧ

ਜਾਂ

**ਐਕਟ**
ਜ਼ਬਰਦਸਤੀ ਵਿਵਹਾਰ ਦਾ ਕੋਰਸ

+

**ਕਿਸੇ ਖਾਸ ਵਿਅਕਤੀ ਨਾਲ ਸੰਬੰਧਤ ਹੈ**

+

**ਬਦਲਣ** ਜਾਂ ਦਬਾਉਣ ਦਾ ਇਰਾਦਾ

+

**ਨੁਕਸਾਨ**
ਸਰੀਰਕ, ਮਨੋਵਿਗਿਆਨਕ

**ਬਚਾਅ**
ਵਿਵਹਾਰ ਹਾਲਾਤਾਂ ਵਿੱਚ ਵਾਜਬ ਸੀ

### ਅਪਰਾਧਿਕ ਜੁਰਮ ਬਾਰੇ ਸੰਖੇਪ ਜਾਣਕਾਰੀ

38. ਪਰਿਵਰਤਨ ਕਾਰਵਾਈਆਂ ਵਿੱਚ ਸ਼ਾਮਲ ਹੋਣ ਦੇ ਪ੍ਰਸਤਾਵਿਤ ਨਵੇਂ ਜੁਰਮ ਦੇ ਮੁੱਖ ਤੱਤ ਹਨ:

- **ਮਕਸਦ:** ਜੋ ਪਰਿਵਰਤਨ ਕਾਰਵਾਈਆਂ ਨੂੰ ਅੰਜਾਮ ਦੇਣ ਦੇ ਦੋਸ਼ੀ ਵਿਅਕਤੀ ਨੇ ਅਜਿਹਾ ਇਸ ਇਰਾਦੇ ਨਾਲ ਕੀਤਾ ਸੀ ਕਿ ਪੀੜਤ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਿਆ ਜਾਂ ਦਬਾਇਆ ਜਾਵੇਗਾ।
- **ਕਾਰਜ:** ਉਹ ਐਕਟ ਜੋ ਜਾਂ ਤਾਂ ਸੇਵਾ ਦਾ ਪ੍ਰਬੰਧ ਜਾਂ ਫਿਰ ਜ਼ਬਰਦਸਤੀ ਵਿਵਹਾਰ ਦੀ ਘਟਣਾ ਵਾਪਰੀ ਸੀ, ਜਿਵੇਂ ਕਿ ਸੰਬੰਧਿਤ ਅਪਰਾਧਾਂ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਹੈ।
- **ਪੀੜਤ:** ਜੋ ਸੇਵਾ ਜਾਂ ਵਿਵਹਾਰ ਦਾ ਕੋਰਸ ਕਿਸੇ ਖਾਸ, ਪਛਾਣੇ ਗਏ ਵਿਅਕਤੀ ਨਾਲ ਸੰਬੰਧਤ ਹੈ।
- **ਨੁਕਸਾਨ:** ਜੋ ਸੇਵਾ, ਜਾਂ ਵਿਵਹਾਰ ਦੇ ਕੋਰਸ ਨੇ ਪੀੜਤ ਨੂੰ ਸਰੀਰਕ ਜਾਂ ਮਨੋਵਿਗਿਆਨਕ ਤੌਰ'ਤੇਨੁਕਸਾਨ ਪਹੁੰਚਾਇਆ ਹੈ।
- **ਬਚਾਅ:** ਦੋਸ਼ੀ ਵਿਅਕਤੀ ਦਾ ਬਚਾਅ ਹੁੰਦਾ ਹੈ ਜੇਕਰ ਉਸ ਦਾ ਵਿਵਹਾਰ ਹਾਲਾਤਾਂ ਵਿੱਚ ਵਾਜਬ ਸੀ।

# ਭਾਗ 7: ਪਰਿਵਰਤਨ ਕਾਰਵਾਈ ਵਿੱਚ ਸ਼ਾਮਲ ਹੋਣ ਦਾ ਜੁਰਮ

**ਮਕਸਦ - ਅਪਰਾਧਾਂ ਦਾ ਮਾਨਸਿਕ ਅਨਸਰ**

39. ਜ਼ਿਆਦਾਤਰ ਅਪਰਾਧਿਕ ਜੁਰਮਾਂ ਵਿੱਚ ਇੱਕ ਮਾਨਸਿਕ ਅਨਸਰ ਹੁੰਦਾ ਹੈ ਜੋ ਅਪਰਾਧੀ ਦੇ ਮਨ ਵਿੱਚ ਅਪਰਾਧਿਕ ਕਾਰਵਾਈ ਕਰਨ ਨਾਲ ਸੰਬੰਧਤ ਹੁੰਦਾ ਹੈ। ਪਰਿਵਰਤਨ ਕਾਰਵਾਈਆਂ ਵਿੱਚ ਸ਼ਾਮਲ ਹੋਣ ਦੇ ਜੁਰਮ ਲਈ, ਅਸੀਂ ਤਜਵੀਜ਼ ਕਰਦੇ ਹਾਂ ਕਿ ਸੰਬੰਧਤ ਵਿਵਹਾਰ ਨੂੰ ਇਸ ਇਰਾਦੇ ਨਾਲ ਕੀਤਾ ਜਾਣਾ ਚਾਹੀਦਾ ਹੈ ਕਿ ਇਸਦੇ ਨਤੀਜੇ ਵਜੋਂ ਉਸ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਣਾ ਜਾਂ ਦਬਾਉਣਾ ਹੋਵੇਗਾ ਜਿਸ ਖਿਲਾਫ਼ ਇਹ ਨਿਰਦੇਸ਼ਿਤ ਕੀਤਾ ਗਿਆ ਹੈ।

**ਪੀੜਤ - ਕਿਸੇ ਖਾਸ ਵਿਅਕਤੀ ਦੇ ਸੰਬੰਧ ਵਿੱਚ**

40. ਮਕਸਦ, ਅਤੇ ਉਸ ਮਕਸਦ ਨੂੰ ਪੂਰਾ ਕਰਨ ਲਈ ਕੀਤਾ ਗਿਆ ਅਪਰਾਧਿਕ ਕੰਮ ਦੋਵੇਂ, ਕਿਸੇ ਖਾਸ ਵਿਅਕਤੀ ਦੇ ਸੰਬੰਧ ਵਿੱਚ ਹੋਣੇ ਚਾਹੀਦੇ ਹਨ। ਇਸ ਕਨੂੰਨ ਦੀਆਂ ਤਜਵੀਜ਼ਾਂ ਵਧੇਰੇਆਮ ਤੌਰ 'ਤੇ ਜਿਨਸੀ ਰੁਝਾਨਾਂ ਅਤੇ ਲਿੰਗ ਪਛਾਣਾਂ ਪ੍ਰਤੀ ਨਫ਼ਰਤ ਨੂੰ ਨਿਸ਼ਾਨਾ ਨਹੀਂ ਬਣਾਉਂਦੀਆਂ ਹਨੂ, ਉਦਾਹਰਨ ਲਈ, ਬਿਆਨ ਕਿ ਸਮਲਿੰਗੀ ਹੋਣਾ ਪਾਪ ਹੈ, ਜਾਂ ਇਹ ਕਿ ਟ੍ਰਾਂਸਜੈਂਡਰ ਪਛਾਣ ਮੌਜੂਦ ਨਹੀਂ ਹੈ।

**ਅਪਰਾਧਿਕ ਜੁਰਮ ਦੇ ਅੰਦਰ ਆਉਣ ਵਾਲੇ ਕੰਮ**

41. ਅਪਰਾਧਿਕ ਜੁਰਮ ਦੋ ਵੱਖ-ਵੱਖ ਕਿਸਮਾਂ ਦੀਆਂ ਪਰਿਵਰਤਨ ਕਾਰਵਾਈਆਂ ਨੂੰ ਸੰਬੋਧਿਤ ਕਰਦਾ ਹੈ।

**ਸੇਵਾ ਦਾ ਪ੍ਰਾਵਧਾਨ**

42. ਇਹ ਕਿਸਮ ਇਸ ਇਰਾਦਤਨ ਨਤੀਜੇ ਨਾਲ ਸੇਵਾ ਦੇ ਪ੍ਰਾਵਧਾਨ ਨੂੰ ਸੰਬੋਧਿਤ ਕਰੇਗੀ ਕਿ ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਿਆ ਜਾਂ ਦਬਾਇਆ ਜਾਵੇਗਾ ਜਾਂ ਨਹੀਂ।

43. ਜੁਰਮ ਦਾ ਇਹ ਹਿੱਸਾ ਅਜਿਹੇ ਹਾਲਾਤ ਨੂੰ ਸੰਬੋਧਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਜਿੱਥੇ ਕਿਸੇ ਵਿਅਕਤੀ ਦੁਆਰਾ ਕੋਈ ਅਜਿਹੀ ਪਰਿਵਰਤਨ ਕਾਰਵਾਈ ਕੀਤੀ ਜਾਂਦੀ ਹੈ ਜੋ ਖਾਸ ਗਿਆਨ, ਹੁਨਰ ਜਾਂ ਮਹਾਰਤ ਹੋਣ ਦਾ ਦਾਅਵਾ ਕਰਦੀ ਹੈ ਅਤੇ ਜਿੱਥੇ ਕਾਰਜ ਨੂੰ ਕਿਸੇ ਤਬਦੀਲੀ ਜਾਂ ਦਮਨ ਨੂੰ ਪ੍ਰਭਾਵਤ ਕਰਨ ਦਾ ਇੱਕ ਤਰੀਕਾ ਮੰਨਿਆ ਜਾਂਦਾ ਹੈ। ਇਹ ਕਿਸੇ ਖਾਸ ਕੇਂਦਰ 'ਤੇ ਕੇਂਦ੍ਰਤ ਨਹੀਂ ਹੁੰਦਾ ਹੈ, ਜਿਵੇਂ ਕਿ ਡਾਕਟਰੀ ਜਾਂ ਸਿਹਤ ਸੰਭਾਲ ਕੇਂਦਰ। ਇਸ ਵਿੱਚ ਉਹ ਕਾਰਜ ਸ਼ਾਮਲ ਹੋਣਗੇ ਜੋ ਸੂਡੋ-ਮੈਡੀਕਲ ਹਨ।

44. ਕਨੂੰਨ ਵਿੱਚ ਉਨ੍ਹਾਂ ਚੀਜ਼ਾਂ ਦੀਆਂ ਉਦਾਹਰਨਾਂ ਸ਼ਾਮਲ ਕੀਤੀਆਂ ਜਾਣਗੀਆਂ ਜਿਨ੍ਹਾਂ ਨੂੰ ਇਸ ਸੰਦਰਭ ਵਿੱਚ ਸੇਵਾ ਮੰਨਿਆ ਜਾਵੇਗਾ (ਜਿੱਥੇ ਕਿਸੇ ਵਿਅਕਤੀ ਦੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨੂੰ ਬਦਲਣ ਜਾਂ ਦਬਾਉਣ ਦਾ ਇਰਾਦਾ ਹੁੰਦਾ ਹੈ)। ਇਸ ਵਿੱਚ ਸਲਾਹ ਜਾਂ ਕਿਸੇ ਵੀ ਤਰ੍ਹਾਂ ਦੀ ਗੱਲ ਕਰਨ ਵਾਲੀ ਥੈਰੇਪੀ, ਕੋਚਿੰਗ ਜਾਂ ਹਦਾਇਤ ਦੇਣਾ, ਅਤੇ ਕੋਈ ਕਥਿਤ ਇਲਾਜ ਸ਼ਾਮਲ ਹੈ।

7. ਇਸ ਤਜਵੀਜ਼ 'ਤੇ ਤੁਹਾਡੇ ਕੀ ਵਿਚਾਰ ਹਨ ਕਿ ਅਪਰਾਧ ਸੇਵਾ ਦੇ ਪ੍ਰਾਵਧਾਨ ਨੂੰ ਸੰਬੋਧਿਤ ਕਰੇਗਾ?

- ☐ ਸਮਰਥਨ ਕਰਦੇ ਹੋ
- ☐ ਸਮਰਥਨ ਨਹੀਂ ਕਰਦੇ ਹੋ
- ☐ ਮੈਨੂੰ ਨਹੀਂ ਪਤਾ

8. ਕਿਰਪਾ ਕਰਕੇ ਸਵਾਲ 7 ਲਈ ਆਪਣੇ ਜਵਾਬ ਦੇ ਕਾਰਨ ਦਿਓ।

# ਭਾਗ 7: ਪਰਿਵਰਤਨ ਕਾਰਵਾਈ ਵਿੱਚ ਸ਼ਾਮਲ ਹੋਣ ਦਾ ਜੁਰਮ

**ਜ਼ਬਰਦਸਤੀ ਵਿਵਹਾਰ ਦਾ ਕੋਰਸ**

45. ਇਹ ਕਿਸਮ ਅਜਿਹੀਆਂ ਪਰਿਵਰਤਨ ਕਾਰਵਾਈਆਂ ਨੂੰ ਸੰਬੋਧਿਤ ਕਰੇਗੀ ਜੋ ਜ਼ਬਰਦਸਤੀ ਵਿਵਹਾਰ ਦੇ ਕੋਰਸ ਦਾ ਰੂਪ ਲੈਂਦੀਆਂ ਹਨ, ਜਿੱਥੇ ਇੱਕ ਜਾਂ ਇੱਕ ਤੋਂ ਵੱਧ ਕਾਰਜਾਂ ਨੂੰ ਦੁਹਰਾਉਣ, ਨਿਰੰਤਰ, ਜਾਂ ਸਥਾਈ ਤਰੀਕੇ ਨਾਲ ਕੀਤਾ ਜਾਂਦਾ ਹੈ। ਜੁਰਮ ਦਾ ਇਹ ਹਿੱਸਾ ਪਰਿਵਰਤਨ ਕਾਰਵਾਈਆਂ ਦੀ ਉਸ ਕਿਸਮ ਨੂੰ ਸੰਬੋਧਿਤ ਕਰਨ ਦੀ ਕੋਸ਼ਿਸ਼ ਕਰਦਾ ਹੈ ਜੋ ਸਬੂਤ ਸਾਨੂੰ ਸਮੇਂ ਦੀ ਇੱਕ ਮਿਆਦ ਵਿੱਚ ਕੀਤੀਆਂ ਜਾਂਦੀਆਂ ਸਭ ਤੋਂ ਆਮ - "ਗੈਰ-ਰਸਮੀ" ਕਾਰਵਾਈਆਂ ਬਾਰੇ ਦੱਸਦੇ ਹਨ।

46. ਜੁਰਮ ਦੇ ਅੰਦਰ ਆਉਣ ਲਈ, ਘੱਟੋ-ਘੱਟ ਲੋੜ ਹੁੰਦੀ ਹੈ ਕਿ ਵਿਵਹਾਰ ਘੱਟੋ-ਘੱਟ ਦੋ ਮੌਕਿਆਂ 'ਤੇ ਵਾਪਰਦਾ ਹੈ, ਸਮੁੱਚੇ ਤੌਰ 'ਤੇ ਵਿਵਹਾਰ ਦੇ ਕੋਰਸ ਨੂੰ ਜ਼ਬਰਦਸਤੀ ਹੋਣ ਦੀ ਲੋੜ ਹੁੰਦੀ ਹੈ, ਅਤੇ ਇਰਾਦੇ ਅਤੇ ਨੁਕਸਾਨ ਦੀਆਂ ਹੋਰ ਲੋੜਾਂ ਨੂੰ ਵੀ ਪੂਰਾ ਕਰਨ ਦੀ ਲੋੜ ਹੋਵੇਗੀ।

47. ਕਨੂੰਨ ਵਿੱਚ ਵਿਵਹਾਰ ਦੀਆਂ ਕਿਸਮਾਂ ਦੀਆਂ ਉਦਾਹਰਨਾਂ ਸ਼ਾਮਲ ਕੀਤੀਆਂ ਜਾਣਗੀਆਂ ਜਿਨ੍ਹਾਂ ਨੂੰ ਪਰਿਵਰਤਨ ਕਾਰਵਾਈਆਂ ਦੇ ਸੰਦਰਭ ਵਿੱਚ ਜ਼ਬਰਦਸਤੀ ਮੰਨਿਆ ਜਾਵੇਗਾ। ਇਸ ਵਿੱਚ ਉਹ ਕਾਰਜ ਸ਼ਾਮਲ ਹਨ ਜੋ ਨਿਯੰਤਰਿਤ ਕਰਨ, ਧਮਕਾਉਣ ਅਤੇ ਅਪਮਾਨਜਨਕ, ਡਰਾਉਣੇ, ਹੇਰਾ ਫੇਰੀ ਵਾਲੇ ਜਾਂ ਦਬਾਅ ਪਾਉਣ ਵਾਲੇ ਹੁੰਦੇ ਹਨ।

48. ਕੀਤੇ ਗਏ ਕੰਮ ਕਿਸੇ ਵਿਅਕਤੀ ਦੇ ਖਿਲਾਫ਼ ਜਾਣ ਬੁੱਝ ਕੇ ਕੀਤੀਆਂ ਗਈਆਂ ਕਾਰਵਾਈਆਂ ਹੋਣੀਆਂ ਚਾਹੀਦੀਆਂ ਹਨ ਅਤੇ ਕੁਝ ਕਰਨ ਵਿੱਚ ਅਸਫਲਤਾ, ਜਾਂ ਕੋਈ ਭੁੱਲ, ਅਪਰਾਧ ਦੇ ਅੰਦਰ ਨਹੀਂ ਆਉਂਦੀ ਹੈ।

9. ਇਸ ਤਜਵੀਜ਼ 'ਤੇ ਤੁਹਾਡੇ ਕੀ ਵਿਚਾਰ ਹਨ ਕਿ ਜੁਰਮ ਜ਼ਬਰਦਸਤੀ ਵਿਵਹਾਰ ਦੇ ਕੋਰਸ ਨੂੰ ਸੰਬੋਧਿਤ ਕਰੇਗਾ?

- ☐ ਸਮਰਥਨ ਕਰਦੇ ਹੋ
- ☐ ਸਮਰਥਨ ਨਹੀਂ ਕਰਦੇ ਹੋ
- ☐ ਮੈਨੂੰ ਨਹੀਂ ਪਤਾ

10. ਕਿਰਪਾ ਕਰਕੇ ਸਵਾਲ 9 ਲਈ ਆਪਣੇ ਜਵਾਬ ਦੇ ਕਾਰਨ ਦਿਓ।

**ਨੁਕਸਾਨ - ਨੁਕਸਾਨ ਲਈ ਲੋੜ**

49. ਅਸੀਂ ਅਜਿਹੇ ਵਿਵਹਾਰ ਨੂੰ ਸੰਬੋਧਿਤ ਕਰਨ ਲਈ ਪਰਿਵਰਤਨ ਕਾਰਵਾਈਆਂ ਵਿੱਚ ਸ਼ਾਮਲ ਹੋਣ ਦੇ ਅਪਰਾਧਿਕ ਜੁਰਮ ਦਾ ਇਰਾਦਾ ਰੱਖਦੇ ਹਾਂ ਜੋ ਕਿ ਕਾਫ਼ੀ ਗੰਭੀਰ ਅਤੇ ਨੁਕਸਾਨਦੇਹ ਹੈ। ਅਸੀਂ ਇਸ ਲਈ ਤਜਵੀਜ਼ ਕਰਦੇ ਹਾਂ ਕਿ ਜੁਰਮ ਵਿੱਚ ਅਜਿਹੀ ਲੋੜ ਸ਼ਾਮਲ ਹੋਵੇਗੀ ਕਿ ਕਾਰਵਾਈ ਜਾਂ ਵਿਵਹਾਰ ਦੇ ਕੋਰਸ ਨੇ ਪੀੜਤ ਨੂੰ ਨੁਕਸਾਨ ਪਹੁੰਚਾਇਆ ਹੈ: ਜਾਂ ਤਾਂ ਸਰੀਰਕ ਨੁਕਸਾਨ, ਮਨੋਵਿਗਿਆਨਕ ਨੁਕਸਾਨ, ਜਾਂ ਦੋਵਾਂ ਦਾ ਸੁਮੇਲ। ਮਨੋਵਿਗਿਆਨਕ ਨੁਕਸਾਨ ਵਿੱਚ ਡਰ, ਚਿੰਤਾ ਅਤੇ ਬਿਪਤਾ ਸ਼ਾਮਲ ਹਨ।

50. ਪੀੜਤ ਨੂੰ ਨੁਕਸਾਨ ਨਾ ਪਹੁੰਚਾਉਣ ਵਾਲੇ ਕੰਮਾਂ ਨੂੰ ਅਪਰਾਧਿਕ ਨਹੀਂ ਬਣਾਇਆ ਜਾਵੇਗਾ।

11. ਇਸ ਲੋੜ ਬਾਰੇ ਤੁਹਾਡੇ ਕੀ ਵਿਚਾਰ ਹਨ ਕਿ ਅਪਰਾਧੀ ਦੇ ਚਾਲ-ਚਲਣ ਨੇ ਪੀੜਤ ਨੂੰ ਸਰੀਰਕ ਜਾਂ ਮਨੋਵਿਗਿਆਨਕ ਨੁਕਸਾਨ (ਡਰ, ਚਿੰਤਾ ਜਾਂ ਬਿਪਤਾ ਸਮੇਤ) ਹੋਇਆ ਹੋਵੇਗਾ?

- ☐ ਸਹਿਮਤ ਹੋ
- ☐ ਸਹਿਮਤ ਨਹੀਂ ਹੋ
- ☐ ਮੈਨੂੰ ਨਹੀਂ ਪਤਾ

12. ਕਿਰਪਾ ਕਰਕੇ ਸਵਾਲ 11 ਲਈ ਆਪਣੇ ਜਵਾਬ ਦੇ ਕਾਰਨ ਦਿਓ।

# ਭਾਗ 7: ਪਰਿਵਰਤਨ ਕਾਰਵਾਈ ਵਿੱਚ ਸ਼ਾਮਲ ਹੋਣ ਦਾ ਜੁਰਮ

### ਸੰਦੇਹ ਤੋਂ ਬਚਣ ਲਈ

51. ਅਸੀਂ ਇਹ ਸਪੱਸ਼ਟ ਕਰਨ ਲਈ ਖਾਸ 'ਸ਼ੱਕ ਤੋਂ ਬਚਣ' ਦੇ ਪ੍ਰਬੰਧਾਂ ਨੂੰ ਸ਼ਾਮਲ ਕਰਨ ਦਾ ਤਜਵੀਜ਼ ਦਿੰਦੇ ਹਾਂ ਕਿ ਕੁਝ ਵਿਵਹਾਰ ਲੋੜੀਂਦੇ ਇਰਾਦੇ ਨਾਲ ਨਹੀਂ ਕੀਤੇ ਜਾਣਗੇ ਅਤੇ ਇਸ ਲਈ ਕਨੂੰਨ ਵਿੱਚ ਸ਼ਾਮਲ ਨਹੀਂ ਕੀਤੇ ਗਏ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

- ਸਿਹਤ ਸੰਭਾਲ ਪੇਸ਼ੇਵਰ ਦੁਆਰਾ ਆਪਣੇ ਰੁਜ਼ਗਾਰ ਦੇ ਦੌਰਾਨ ਮੁਹੱਈਆ ਕੀਤੀ ਸਿਹਤ ਸੰਭਾਲ ਜਾਂ ਡਾਕਟਰੀ ਇਲਾਜ। ਇਸ ਵਿੱਚ ਸੰਬੰਧਤ ਨੈਤਿਕ ਅਤੇ ਕਨੂੰਨੀ ਨਿਯਮਾਂ ਅਤੇ ਦਿਸ਼ਾ-ਨਿਰਦੇਸ਼ਾਂ ਅਤੇ ਡਾਕਟਰੀ ਇਲਾਜ ਦੇ ਅਨੁਸਾਰ ਮੁਹੱਈਆ ਕੀਤਾ ਗਿਆ ਡਾਕਟਰੀ ਇਲਾਜ ਸ਼ਾਮਲ ਹੈ ਜੋ ਕਿਸੇ ਵਿਅਕਤੀ ਦੀ ਲਿੰਗ ਪਛਾਣ ਦੇ ਨਾਲ ਉਸਦੀਆਂ ਸਰੀਰਕ ਵਿਸ਼ੇਸ਼ਤਾਵਾਂ ਨੂੰ ਇਕਸਾਰ ਕਰਦਾ ਹੈ
- ਕੋਈ ਵਿਚਾਰ ਜਾਂ ਵਿਸ਼ਵਾਸ ਪ੍ਰਗਟ ਕਰਨਾ ਜਾਂ ਇਸ ਤਰੀਕੇ ਨਾਲ ਕਿਸੇ ਗੱਲਬਾਤ ਵਿੱਚ ਸ਼ਾਮਲ ਹੋਣਾ ਜੋ ਕਿਸੇ ਵਿਅਕਤੀ ਨੂੰ ਕਿਸੇ ਖਾਸ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਵੱਲ ਸੇਧਿਤ ਕਰਨ ਦਾ ਇਰਾਦਾ ਨਹੀਂ ਰੱਖਦੀ ਹੈ

### ਤਰਕਸ਼ੀਲਤਾ ਦੀ ਰੱਖਿਆ

52. ਅਸੀਂ ਤਜਵੀਜ਼ ਕਰਦੇ ਹਾਂ ਕਿ ਇਸ ਦਾ ਬਚਾਅ ਕੀਤਾ ਜਾਵੇਗਾ ਕਿ ਖਾਸ ਹਾਲਾਤਾਂ ਵਿੱਚ ਦੋਸ਼ੀ ਦਾ ਵਿਵਹਾਰ ਵਾਜਬ ਸੀ। ਇਹ ਜਾਂਚ ਇਹ ਹੈ ਕਿ ਕੀ ਦੋਸ਼ੀ ਦਾ ਵਿਵਹਾਰ ਵਾਜਬ ਤੌਰ 'ਤੇ ਉਦੇਸ਼ਪੂਰਨ ਸੀ, ਮਤਲਬ ਕਿ ਇਹ ਨਿਰਣਾਇਕ ਨਹੀਂ ਹੈ ਕਿ ਦੋਸ਼ੀ ਵਿਅਕਤੀ ਆਪਣੇ ਮੁੱਲਾਂ ਦੇ ਆਧਾਰ 'ਤੇ ਆਪਣੇ ਵਿਵਹਾਰ ਨੂੰ ਉਚਿਤ ਸਮਝਦਾ ਹੈ।

53. ਅਸੀਂ ਅਨੁਮਾਨ ਲਗਾਉਂਦੇ ਹਾਂ ਕਿ ਇਹ ਬਚਾਅ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੋ ਸਕਦਾ ਹੈ ਜਿੱਥੇ ਪੀੜ੍ਹਤ ਦੀ ਸੁਰੱਖਿਆ ਨੂੰ ਖਤਰਾ ਸੀ, ਅਤੇ ਉਨ੍ਹਾਂ ਨੂੰ ਆਉਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਕਾਰਵਾਈਆਂ ਕੀਤੀਆਂ ਗਈਆਂ ਸਨ। ਉਦਾਹਰਨ ਲਈ, ਜਿੱਥੇ ਕੋਈ ਵਿਅਕਤੀ ਤੁਰੰਤ ਆਪਣੇ ਜਿਨਸੀ ਰੁਝਾਨ ਜਾਂ ਲਿੰਗ ਪਛਾਣ ਨਾਲ ਸੰਬੰਧਤ ਪਰੇਸ਼ਾਨੀ ਦੇ ਨਤੀਜੇ ਵਜੋਂ ਖੁਦਕੁਸ਼ੀ ਦੇ ਖ਼ਤਰੇ ਵਿੱਚ ਹੈ, ਥੋੜ੍ਹੇ ਸਮੇਂ ਲਈ ਮੁਕਾਬਲਾ ਕਰਨ ਦੀ ਵਿਧੀ ਲੱਭਣ ਲਈ ਸਹਾਇਤਾ ਕੀਤੀ ਜਾਂਦੀ ਹੈ। ਇਹ ਉਨ੍ਹਾਂ ਹਾਲਾਤਾਂ ਵਿੱਚ ਵੀ ਲਾਗੂ ਹੋ ਸਕਦਾ ਹੈ ਜਿੱਥੇ ਮਾਪਿਆਂ ਦੁਆਰਾ ਲਾਗੂ ਕੀਤੇ ਗਏ ਖਾਸ ਰੋਜ਼ਾਨਾ ਨਿਯੰਤਰਣ ਬੱਚੇ ਨੂੰ ਗੈਰ-ਕਨੂੰਨੀ ਜਾਂ ਖਤਰਨਾਕ ਵਿਵਹਾਰ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਸਨ।

13. ਕੀ ਤੁਸੀਂ ਤਰਕਸ਼ੀਲਤਾ ਦੀ ਰੱਖਿਆ ਨੂੰ ਸ਼ਾਮਲ ਕਰਨ ਨਾਲ ਸਹਿਮਤ ਹੋ?

☐ ਸਹਿਮਤ ਹੋ

☐ ਸਹਿਮਤ ਨਹੀਂ ਹੋ

☐ ਮੈਨੂੰ ਨਹੀਂ ਪਤਾ

14. ਕਿਰਪਾ ਕਰਕੇ ਸਵਾਲ 13 ਲਈ ਆਪਣੇ ਜਵਾਬ ਦੇ ਕਾਰਨ ਦਿਓ।

# ਭਾਗ 7: ਪਰਿਵਰਤਨ ਕਾਰਵਾਈ ਵਿੱਚ ਸ਼ਾਮਲ ਹੋਣ ਦਾ ਜੁਰਮ

**ਪ੍ਰਸਤਾਵਿਤ ਜੁਰਮਾਨਾ**

54. ਅਸੀਂ ਤਜਵੀਜ਼ ਕਰਦੇ ਹਾਂ ਕਿ ਇਸ ਅਪਰਾਧ ਨਾਲ ਸੰਬੰਧਤ ਜੁਰਮਾਂ ‘ਤੇ ਸੰਖੇਪ ਜਾਂ ਗੰਭੀਰ ਪ੍ਰਕਿਰਿਆ ਵਿੱਚ "ਦੋਵੇਂ ਤਰੀਕਿਆਂ" ਨਾਲ ਮੁਕੱਦਮਾ ਚਲਾਇਆ ਜਾ ਸਕੇਗਾ।

55. ਅਸੀਂ ਇਸ ਜੁਰਮ ਦੇ ਤਹਿਤ ਦੋਸ਼ੀ ਠਹਿਰਾਉਣ ਲਈ ਅੱਗੇ ਦਿੱਤੀ ਸਜ਼ਾ ਦੀ ਸੀਮਾ ਦੀ ਤਜਵੀਜ਼ ਦਿੰਦੇ ਹਾਂ:

- **ਸੰਖੇਪ ਦੋਸ਼ੀ ਹੋਣ 'ਤੇ: ਵੱਧ ਤੋਂ ਵੱਧ 12 ਮਹੀਨਿਆਂ ਦੀ ਮਿਆਦ ਲਈ ਕੈਦ, ਜਾਂ ਵੱਧ ਤੋਂ ਵੱਧ ਕਨੂੰਨੀ ਅਧਿਕਤਮ (£10,000) ਦਾ ਜੁਰਮਾਨਾ, ਜਾਂ ਦੋਵੇਂ**
- **ਇਲਜ਼ਾਮ 'ਤੇ ਦੋਸ਼ੀ ਠਹਿਰਾਏ ਜਾਣ 'ਤੇ (ਗੰਭੀਰ ਪ੍ਰਕਿਰਿਆ): ਵੱਧ ਤੋਂ ਵੱਧ 7 ਸਾਲਾਂ ਦੀ ਕੈਦ, ਜਾਂ ਇੱਕ ਅਸੀਮਤ ਜੁਰਮਾਨਾ, ਜਾਂ ਦੋਵੇਂ**

15. ਕੀ ਤੁਸੀਂ ਪਰਿਵਰਤਨ ਦੀਆਂ ਕਾਰਵਾਈਆਂ ਵਿੱਚ ਸ਼ਾਮਲ ਹੋਣ ਦੇ ਜੁਰਮ ਲਈ ਪ੍ਰਸਤਾਵਿਤ ਸਜ਼ਾਵਾਂ ਨਾਲ ਸਹਿਮਤ ਹੋ?

☐ ਸਹਿਮਤ ਹੋ

☐ ਸਹਿਮਤ ਨਹੀਂ ਹੋ

☐ ਮੈਨੂੰ ਨਹੀਂ ਪਤਾ

16. ਕਿਰਪਾ ਕਰਕੇ ਸਵਾਲ 15 ਲਈ ਆਪਣੇ ਜਵਾਬ ਦੇ ਕਾਰਨ ਦਿਓ।

# ਭਾਗ 8: ਅਪਰਾਧਿਕ ਜੁਰਮ - ਵਾਧੂ ਵਿਚਾਰ

**ਪਰਿਵਰਤਨ ਦੀਆਂ ਕਾਰਵਾਈਆਂ ਨਾਲ ਸੰਬੰਧਤ ਅਪਰਾਧਿਕ ਜੁਰਮ ਵਿੱਚ ਸਹਿਮਤੀ ਦੀ ਰੱਖਿਆ**

56. ਸਬੂਤ ਸੁਝਾਉਂਦੇ ਹਨ ਕਿ ਪਰਿਵਰਤਨ ਕਾਰਵਾਈਆਂ ਤੋਂ ਗੁਜ਼ਰਨ ਵਾਲੇ ਬਹੁਤ ਸਾਰੇ ਲੋਕ ਅਜਿਹਾ ਕਰਨ ਲਈ ਕਿਸੇ ਨਾ ਕਿਸੇ ਤਰੀਕੇ ਨਾਲ ਸਹਿਮਤ ਹੁੰਦੇ ਹਨ। ਉਦਾਹਰਨ ਲਈ, ਉਹ ਥੈਰੇਪੀ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸਹਿਮਤ ਹੋ ਸਕਦੇ ਹਨ। ਹਾਲਾਂਕਿ, ਉਹ ਲੋਕ ਜੋ ਜ਼ਾਹਰ ਤੌਰ 'ਤੇ ਇੱਛਾ ਨਾਲ ਸ਼ਾਮਲ ਹੁੰਦੇ ਹਨ, ਜਾਂ ਸਰਗਰਮੀ ਨਾਲ ਖੋਜ ਕਰਦੇ ਹਨ, ਪਰਿਵਰਤਨ ਦੀਆਂ ਕਾਰਵਾਈਆਂ ਅਕਸਰ ਬਾਹਰੀ ਦਬਾਵਾਂ ਅਤੇ ਜ਼ਬਰਦਸਤੀ, ਅਸੰਤੁਲਿਤ ਸ਼ਕਤੀ ਦੀ ਗਤੀਸ਼ੀਲਤਾ ਨਾਲ ਸੰਚਾਲਿਤ ਹੁੰਦੀਆਂ ਹਨ, ਜਾਂ ਆਪਣੇ ਜੀਵਨ ਵਿੱਚ ਸ਼ਕਤੀਸ਼ਾਲੀ ਲੋਕਾਂ ਦੇ ਮਾਰਗਦਰਸ਼ਨ ਦੁਆਰਾ ਸੰਚਾਲਿਤ ਹੁੰਦੀਆਂ ਹਨ ਜੋ ਵਿਸ਼ਵਾਸ ਦੀ ਸਥਿਤੀ ਵਿੱਚ ਹੁੰਦੇ ਹਨ ਜਾਂ ਅਧਿਕਾਰੀ, ਉਨ੍ਹਾਂ ਦੀ ਖੁਦਮੁਖਤਿਆਰੀ ਨੂੰ ਸੀਮਤ ਕਰਦੇ ਹਨ।

57. ਉਪਲਬਧ ਜਾਣਕਾਰੀ ਅਤੇ ਸਬੂਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਾਡਾ ਮੰਨਣਾ ਹੈ ਕਿ ਇਹ ਯਕੀਨੀ ਕਰਨਾ ਬਹੁਤ ਮੁਸ਼ਕਲ ਹੈ ਕਿ ਇਨ੍ਹਾਂ ਹਾਲਤਾਂ ਵਿੱਚ ਸਹਿਮਤੀ ਪੂਰੀ ਤਰ੍ਹਾਂ ਸੂਚਿਤ ਹੈ। ਬਹੁਤ ਸਾਰੇ ਲੋਕਾਂ ਨੇ ਇਸ ਬਾਰੇ ਪੂਰੀ ਜਾਗਰੂਕਤਾ ਤੋਂ ਬਗੈਰ ਪਰਿਵਰਤਨ ਦੀਆਂ ਕਾਰਵਾਈਆਂ ਲਈ ਸਹਿਮਤੀ ਦੇਣ ਦੀ ਸੂਚਨਾ ਦਿੱਤੀ ਹੈ:

- ਤੱਥ ਕਿ ਬਦਲਾਅ, ਅਸਲ ਵਿੱਚ, ਸੰਭਵ ਨਹੀਂ ਹੈ
- ਪਰਿਵਰਤਨ ਕਾਰਵਾਈਆਂ ਵਿੱਚ ਕੀ ਸ਼ਾਮਲ ਹੋਵੇਗਾ
- ਸੰਭਾਵਨਾ ਹੈ ਕਿ ਇਸ ਨਾਲ ਉਨ੍ਹਾਂ ਨੂੰ ਉਮਰ ਭਰ ਦਾ ਗੰਭੀਰ ਨੁਕਸਾਨ ਹੋਵੇਗਾ

17. ਕੀ ਤੁਸੀਂ ਸਹਿਮਤ ਹੋ ਕਿ ਪਰਿਵਰਤਨ ਦੀਆਂ ਕਾਰਵਾਈਆਂ ਲਈ ਸਹਿਮਤੀ ਦਾ ਕੋਈ ਬਚਾਅ ਨਹੀਂ ਹੋਣਾ ਚਾਹੀਦਾ ਹੈ?

☐ ਹਾਂ

☐ ਨਹੀਂ

☐ ਮੈਨੂੰ ਨਹੀਂ ਪਤਾ

18. ਕਿਰਪਾ ਕਰਕੇ ਸਵਾਲ 17 ਲਈ ਆਪਣੇ ਜਵਾਬ ਦੇ ਕਾਰਨ ਦਿਓ।

19. ਕੀ ਧਾਰਾਵਾਂ 7 ਅਤੇ 8 ਵਿੱਚ ਨਿਰਧਾਰਤ ਕੀਤੇ ਅਪਰਾਧਿਕ ਜੁਰਮ ਬਾਰੇ ਤੁਹਾਡੀ ਕੋਈ ਹੋਰ ਟਿੱਪਣੀ ਹੈ?

# ਭਾਗ 9: ਪਰਿਵਰਤਨ ਕਾਰਵਾਈਆਂ ਲਈ ਕਿਸੇ ਵਿਅਕਤੀ ਨੂੰ Scotland ਤੋਂ ਹਟਾਉਣਾ

58. ਪਰਿਵਰਤਨ ਕਾਰਵਾਈਆਂ ਦੇ ਕੁਝ ਪੀੜਤਾਂ ਨੂੰ ਇਨ੍ਹਾਂ ਉਦੇਸ਼ਾਂ ਲਈ Scotland ਤੋਂ ਬਾਹਰ ਲਿਜਾਇਆ ਜਾ ਸਕਦਾ ਹੈ, ਅਜਿਹੀਆਂ ਕਾਰਵਾਈਆਂ ਦੇ ਸਬੂਤ ਦਾ ਵੇਰਵਾ UK ਸਰਕਾਰ ਦੁਆਰਾ ਚਾਲੂ ਕੀਤੀ ਖੋਜ, ਅਤੇ Galop ਦੀ ਰਿਪੋਰਟ ਸਮੇਤ ਕਈ ਸਰੋਤਾਂ ਵਿੱਚ ਦਿੱਤਾ ਗਿਆ ਹੈ। ਸਾਡਾ ਮੰਨਣਾ ਹੈ ਕਿ ਕਨੂੰਨ ਨੂੰ ਇਸ ਨੁਕਸਾਨ ਦਾ ਹੱਲ ਕਰਨਾ ਚਾਹੀਦਾ ਹੈ। ਜ਼ਬਰਦਸਤੀ ਵਿਆਹ ਅਤੇ ਔਰਤਾਂ ਦੇ ਜਣਨ ਅੰਗਾਂ ਦੇ ਵਿਗਾੜ ਨਾਲ ਸੰਬੰਧਤ ਕਨੂੰਨ ਵਿੱਚ ਵੀ ਅਜਿਹੀਆਂ ਚਿੰਤਾਵਾਂ ਦਾ ਹੱਲ ਕੀਤਾ ਗਿਆ ਹੈ। ਇਸ ਲਈ ਅਸੀਂ ਤਜਵੀਜ਼ ਕਰਦੇ ਹਾਂ ਕਿ Scotland ਵਿੱਚ ਰਹਿਣ ਵਾਲੇ ਕਿਸੇ ਵਿਅਕਤੀ ਨੂੰ ਇਸ ਇਰਾਦੇ ਨਾਲ Scotland ਛੱਡਣ ਲਈ ਮਜਬੂਰ ਕਰਨਾ ਇੱਕ ਅਪਰਾਧਿਕ ਜੁਰਮ ਹੋਣਾ ਚਾਹੀਦਾ ਹੈ ਕਿ ਉਹ ਪਰਿਵਰਤਨ ਕਾਰਵਾਈਆਂ ਵਿੱਚੋਂ ਗੁਜ਼ਰਣਗੇ। ਇਸ ਵਿੱਚ ਕਿਸੇ ਵਿਅਕਤੀ ਨੂੰ UK ਦੇ ਕਿਸੇ ਹੋਰ ਹਿੱਸੇ ਜਾਂ ਵਿਦੇਸ਼ ਵਿੱਚ ਲਿਜਾਇਆ ਜਾਣਾ ਸ਼ਾਮਲ ਹੋਵੇਗਾ।

59. ਅਸੀਂ ਇਸ ਜੁਰਮ ਦੇ ਤਹਿਤ ਮੁਕੱਦਮੇ ਚਲਾਉਣ ਲਈ ਨਿਮਨਲਿਖਿਤ ਸਜ਼ਾ ਦੀ ਸੀਮਾ ਦੀ ਤਜਵੀਜ਼ ਕਰਦੇ ਹਾਂ:

- **ਸੰਖੇਪ ਪ੍ਰਕਿਰਿਆ ਦੇ ਤਹਿਤ ਦੋਸ਼ੀ ਠਹਿਰਾਏ ਜਾਣ 'ਤੇ: ਵੱਧ ਤੋਂ ਵੱਧ 12 ਮਹੀਨਿਆਂ ਦੀ ਮਿਆਦ ਲਈ ਕੈਦ, ਜਾਂ ਜੁਰਮਾਨਾ, ਜਾਂ ਦੋਵੇਂ**
- **ਇਲਜ਼ਾਮ 'ਤੇ ਦੋਸ਼ੀ ਠਹਿਰਾਉਣ 'ਤੇ (ਗੰਭੀਰ ਪ੍ਰਕਿਰਿਆ): ਵੱਧ ਤੋਂ ਵੱਧ 3 ਸਾਲ ਦੀ ਮਿਆਦ ਲਈ ਕੈਦ, ਜਾਂ ਜੁਰਮਾਨਾ, ਜਾਂ ਦੋਵੇਂ**

20. ਕਿਸੇ ਵਿਅਕਤੀ ਨੂੰ ਪਰਿਵਰਤਨ ਕਾਰਵਾਈਆਂ ਦੇ ਅਧੀਨ ਕਰਨ ਦੇ ਉਦੇਸ਼ ਲਈ Scotland ਤੋਂ ਬਾਹਰ ਲਿਜਾਣਾ ਇੱਕ ਅਪਰਾਧਿਕ ਜੁਰਮ ਹੈ, ਇਸ ਬਾਰੇ ਤੁਹਾਡੇ ਕੀ ਵਿਚਾਰ ਹਨ?

☐ ਸਮਰਥਨ ਕਰਦੇ ਹੋ

☐ ਸਮਰਥਨ ਨਹੀਂ ਕਰਦੇ ਹੋ

☐ ਮੈਨੂੰ ਨਹੀਂ ਪਤਾ

21. ਕਿਰਪਾ ਕਰਕੇ ਸਵਾਲ 20 ਲਈ ਆਪਣੇ ਜਵਾਬ ਦੇ ਕਾਰਨ ਦਿਓ।

22. ਪਰਿਵਰਤਨ ਕਾਰਵਾਈਆਂ ਦੇ ਉਦੇਸ਼ਾਂ ਲਈ ਕਿਸੇ ਵਿਅਕਤੀ ਨੂੰ Scotland ਤੋਂ ਬਾਹਰ ਲਿਜਾਣ ਲਈ ਤਜਵੀਜ਼ ਕੀਤੇ ਜੁਰਮਾਨਿਆਂ ਬਾਰੇ ਤੁਹਾਡੇ ਕੀ ਵਿਚਾਰ ਹਨ?

☐ ਸਮਰਥਨ ਕਰਦੇ ਹੋ

☐ ਸਮਰਥਨ ਨਹੀਂ ਕਰਦੇ ਹੋ

☐ ਮੈਨੂੰ ਨਹੀਂ ਪਤਾ

23. ਕਿਰਪਾ ਕਰਕੇ ਸਵਾਲ 22 ਲਈ ਆਪਣੇ ਜਵਾਬ ਦੀ ਵਿਆਖਿਆ ਕਰੋ।

# ਭਾਗ 10: ਮੌਜੂਦਾ ਜੁਰਮਾਂ ਲਈ ਇੱਕ ਵਾਧਾ ਕਾਰਕ ਵਜੋਂ ਪਰਿਵਰਤਨ ਕਾਰਵਾਈਆ

60. ਪਰਿਵਰਤਨ ਕਾਰਵਾਈਆਂ ਦੀਆਂ ਅਜਿਹੀਆਂ ਕਿਸਮਾਂ ਹਨ ਜਿਨ੍ਹਾਂ 'ਤੇ ਮੌਜੂਦਾ ਅਪਰਾਧਿਕ ਜੁਰਮਾਂ ਦੇ ਤਹਿਤ ਮੁਕੱਦਮਾ ਚਲਾਇਆ ਜਾ ਸਕਦਾ ਹੈ। ਇਸ ਵਿੱਚ ਅਜਿਹੀਆਂ ਸਥਿਤੀਆਂ ਸ਼ਾਮਲ ਹਨ ਜਿੱਥੇ ਆਚਰਣ ਵਿੱਚ ਸਰੀਰਕ ਅਨਸਰ ਹੁੰਦਾ ਹੈ, ਜਿਵੇਂ ਕਿ ਹਮਲਾ, ਜਿਸ ਵਿੱਚ ਜਿਨਸੀ ਹਮਲੇ ਜਾਂ ਜ਼ਬਰਦਸਤੀ ਵਿਆਹ ਵੀ ਸ਼ਾਮਲ ਹੈ।

61. ਅਸੀਂ ਤਜਵੀਜ਼ ਕਰਦੇ ਹਾਂ ਕਿ ਪਰਿਵਰਤਨ ਕਾਰਵਾਈਆਂ ਨੂੰ ਮੌਜੂਦਾ ਅਪਰਾਧਾਂ ਲਈ ਇੱਕ ਵਧਾਊ ਕਾਰਕ ਬਣਾਇਆ ਜਾਵੇ। ਇਹ ਕ੍ਰਾਊਨ ਆਫਿਸ ਅਤੇ ਪ੍ਰੋਕਿਊਰੇਟਰ ਫਿਸਕਲ ਸਰਵਿਸ (COPFs) ਨੂੰ ਇਹ ਫ਼ੈਸਲਾ ਕਰਨ ਵਿੱਚ ਲਚਕਤਾ ਦੇਵੇਗਾ ਕਿ ਪਰਿਵਰਤਨ ਕਾਰਵਾਈਆਂ ਦੀ ਸਥਿਤੀ ‘ਤੇ ਕਿਵੇਂ ਮੁਕੱਦਮਾ ਚਲਾਉਣਾ ਸਭ ਤੋਂ ਵਧੀਆ ਹੈ, ਅਤੇ ਖਾਸ ਤੌਰ 'ਤੇ ਮਹੱਤਵਪੂਰਨ ਹੈ ਜਿੱਥੇ ਵਿਵਹਾਰ ਨਵੇਂ ਜੁਰਮ ਦੁਆਰਾ ਫੜੇ ਜਾਣ ਦੀ ਹੱਦ ਤੱਕ ਨਹੀਂ ਪਹੁੰਚ ਸਕਦਾ ਹੈ, ਪਰ ਕਿਸੇ ਮੌਜੂਦਾ ਅਪਰਾਧਿਕ ਜੁਰਮ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ।

62. ਅਪਰਾਧੀ ਦੇ ਚਾਲ-ਚਲਣ ਜਾਂ ਪ੍ਰੇਰਣਾ ਦੇ ਆਧਾਰ 'ਤੇ, ਕੁਝ ਹਾਲਾਤਾਂ ਵਿੱਚ, ਕਿਸੇ ਮੌਜੂਦਾ ਜੁਰਮ ਨਾਲ 'ਜੁੜਿਆ' ਇੱਕ ਵਾਧਾ। ਉਸ ਕਾਰਕ ਦੇ ਮੌਜੂਦ ਹੋਣ ਤੋਂ ਬਗੈਰ, ਜੇਕਰ ਉਹੀ ਅਪਰਾਧ ਕੀਤਾ ਗਿਆ ਸੀ, ਤਾਂ ਇਹ ਨੁਕਸਾਨ ਦੀ ਵਧੇਰੇ ਗੰਭੀਰ ਪੱਧਰ ਨੂੰ ਦਰਸਾਉਂਦਾ ਹੈ।

63. ਪਰਿਵਰਤਨ ਕਾਰਵਾਈਆਂ ਲਈ ਇੱਕ ਨਵਾਂ ਵਿਧਾਨਿਕ ਵਾਧਾ ਬਣਾਉਣ ਲਈ ਅਦਾਲਤਾਂ ਨੂੰ ਅਪਰਾਧੀ ਦੇ ਇਰਾਦੇ ਨੂੰ ਸਪੱਸ਼ਟ ਤੌਰ 'ਤੇ ਪਛਾਣਨ ਅਤੇ ਨੋਟ ਕਰਨ ਦੀ ਲੋੜ ਹੋਵੇਗੀ। ਇਸ ਲਈ ਅਦਾਲਤਾਂ ਨੂੰ ਸਜ਼ਾ ਦਾ ਨਿਰਧਾਰਨ ਕਰਨ ਵੇਲੇ ਵਾਧਿਆਂ ਨੂੰ ਧਿਆਨ ਵਿੱਚ ਰੱਖਣ ਦੀ ਵੀ ਲੋੜ ਹੋਵੇਗੀ।

24. ਇਸ ਤਜਵੀਜ਼ 'ਤੇ ਤੁਹਾਡੇ ਕੀ ਵਿਚਾਰ ਹਨ ਕਿ ਪਰਿਵਰਤਨ ਕਾਰਵਾਈਆਂ ਮੌਜੂਦਾ ਅਪਰਾਧਾਂ ਲਈ ਇੱਕ ਵਾਧਾ ਕਾਰਕ ਹੋਣਾ ਚਾਹੀਦਾ ਹੈ?

- ☐ ਸਮਰਥਨ ਕਰਦੇ ਹੋ
- ☐ ਸਮਰਥਨ ਨਹੀਂ ਕਰਦੇ ਹੋ
- ☐ ਮੈਨੂੰ ਨਹੀਂ ਪਤਾ

25. ਕਿਰਪਾ ਕਰਕੇ ਸਵਾਲ 24 ਲਈ ਆਪਣੇ ਜਵਾਬ ਦੀ ਵਿਆਖਿਆ ਕਰੋ।

# ਭਾਗ 11: ਕਨਵੈਨਸ਼ਨ ਅਧਿਕਾਰਾਂ ਬਾਰੇ ਵਿਚਾਰ

64. ਪਰਿਵਰਤਨ ਕਾਰਵਾਈਆਂ ਆਮ ਤੌਰ 'ਤੇ ਇੱਕ ਅਜਿਹੀ ਵਿਚਾਰਧਾਰਾ ਦੇ ਅੰਦਰ ਕੀਤੀਆਂ ਜਾਂਦੀਆਂ ਹਨ ਜੋ LGBTQI+ ਪਛਾਣਾਂ ਨੂੰ ਗਲਤ ਸਮਝਦੀ ਹੈ ਅਤੇ ਮੰਨਦੀ ਹੈ ਕਿ ਉਨ੍ਹਾਂ ਨੂੰ ਬਦਲਿਆ ਜਾ ਸਕਦਾ ਹੈ। ਇਸ ਕਨੂੰਨ ਦਾ ਮੁੱਖ ਉਦੇਸ਼ ਲੋਕਾਂ ਨੂੰ ਪਰਿਵਰਤਨ ਕਾਰਵਾਈਆਂ ਦੇ ਨੁਕਸਾਨ ਤੋਂ ਬਚਾਉਣਾ ਹੈ ਅਤੇ LGBTQI+ ਲੋਕਾਂ ਦੇ ਮਨੁੱਖੀ ਅਧਿਕਾਰਾਂ ਅਤੇ ਸਨਮਾਨ ਦੀ ਰੱਖਿਆ ਕਰਨਾ ਹੈ।

65. ਸਕਾਟਿਸ਼ ਸਰਕਾਰ ਦੁਆਰਾ ਪਾਸ ਕੀਤਾ ਗਿਆ ਕਨੂੰਨ ਮਨੁੱਖੀ ਅਧਿਕਾਰਾਂ 'ਤੇ ਯੂਰੋਪੀਅਨ ਕਨਵੈਨਸ਼ਨ (ECHR) ਦੁਆਰਾ ਸੁਰੱਖਿਅਤ ਮਨੁੱਖੀ ਅਧਿਕਾਰਾਂ ਦੇ ਅਨੁਕੂਲ ਹੋਣਾ ਚਾਹੀਦਾ ਹੈ। ਇਸ ਸਲਾਹ ਵਿੱਚ ਨਿਰਧਾਰਤ ਤਜਵੀਜ਼ਾਂ ਨੂੰ ਤਿਆਰ ਕਰਨ ਵਿੱਚ ਅਸੀਂ ECHR ਦੁਆਰਾ ਸੁਰੱਖਿਅਤ ਅਧਿਕਾਰਾਂ, ਖਾਸ ਤੌਰ 'ਤੇ ਪਰਿਵਾਰਕ ਅਤੇ ਨਿੱਜੀ ਜੀਵਨ ਦੇ ਅਧਿਕਾਰ; ਵਿਚਾਰ, ਜ਼ਮੀਰ ਅਤੇ ਧਰਮ ਦੀ ਆਜ਼ਾਦੀ; ਅਤੇ ਪ੍ਰਗਟਾਵੇ ਦੀ ਆਜ਼ਾਦੀ, 'ਤੇ ਉਨ੍ਹਾਂ ਦੇ ਪ੍ਰਭਾਵ ਨੂੰ ਧਿਆਨ ਨਾਲ ਵਿਚਾਰਿਆ ਹੈ। ਇਨ੍ਹਾਂ ਅਧਿਕਾਰਾਂ ਵਿੱਚ ਦਖਲਅੰਦਾਜ਼ੀ ਲਾਜ਼ਮੀ ਅਤੇ ਹਾਸਲ ਕੀਤੇ ਜਾਣ ਵਾਲੇ ਉਦੇਸ਼ ਦੇ ਅਨੁਪਾਤੀ ਹੋਣੀ ਚਾਹੀਦੀ ਹੈ, ਇਸ ਮਾਮਲੇ ਵਿੱਚ, LGBTQI+ ਲੋਕਾਂ ਦੇ ਅਧਿਕਾਰਾਂ ਦੀ ਸੁਰੱਖਿਆ।

66. ਇਹ ਯਕੀਨੀ ਕਰਨ ਲਈ ਕਿ ਸਾਡੀਆਂ ਤਜਵੀਜ਼ਾਂ ਸ਼ਾਮਲ ਸਾਰੇ ਅਧਿਕਾਰਾਂ ਦਾ ਸਨਮਾਨ ਕਰਦੀਆਂ ਹਨ, ਅਸੀਂ ਕਈ ਕਦਮ ਚੁੱਕੇ ਹਨ। ਇਨ੍ਹਾਂ ਵਿੱਚ ਇਹ ਯਕੀਨੀ ਕਰਨਾ ਸ਼ਾਮਲ ਹੈ ਕਿ ਅਪਰਾਧਿਕ ਕਨੂੰਨ ਸਿਰਫ਼ ਉਨ੍ਹਾਂ ਕਾਰਜਾਂ ਨੂੰ ਨਿਸ਼ਾਨਾ ਬਣਾਉਂਦਾ ਹੈ ਜੋ ਨੁਕਸਾਨਦੇਹ ਅਤੇ ਜ਼ਬਰਦਸਤੀ ਹਨ। ਅਸੀਂ ਸਪੱਸ਼ਟ ਹਾਂ ਕਿ ਪਰਿਵਰਤਨ ਕਾਰਵਾਈਆਂ ਕਿਸੇ ਖਾਸ ਇਰਾਦੇ ਨਾਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਅਤੇ ਕਿਸੇ ਖਾਸ ਪੀੜਤ ਨਾਲ ਸੰਬੰਧਤ ਹਨ। ਉਹ ਇਸ ਖਾਸ ਇਰਾਦੇ ਤੋਂ ਬਗੈਰ ਰਾਏ ਦੇ ਆਮ ਬਿਆਨਾਂ, ਜਾਂ ਕਿਸੇ ਵਿਅਕਤੀ ਦੇ ਆਪਣੇ ਵਿਸ਼ਵਾਸ ਦੇ ਅਨੁਸਾਰ ਆਪਣੇ ਆਪ ਦੁਆਰਾ ਕੀਤੇ ਗਏ ਸਵੈਇੱਛਤ ਵਿਵਹਾਰਾਂ ਨੂੰ ਸ਼ਾਮਲ ਨਹੀਂ ਕਰਦੇ ਹਨ ਅਤੇ ਕਿਸੇ ਹੋਰ ਦੁਆਰਾ ਉਨ੍ਹਾਂ 'ਤੇ ਧੱਕਾ ਨਹੀਂ ਕੀਤਾ ਜਾਂਦਾ ਹੈ। ਨਾਗਰਿਕ ਸੁਰੱਖਿਆ ਹੁਕਮਾਂ ਦੇ ਸੰਬੰਧ ਵਿੱਚ ECHR ਅਧਿਕਾਰਾਂ ਲਈ ਕਈ ਸੁਰੱਖਿਆ ਉਪਾਅ ਵੀ ਹਨ ਜੋ ਉਦੋਂ ਤੱਕ ਨਹੀਂ ਦਿੱਤੇ ਜਾ ਸਕਦੇ ਹਨ ਜਦੋਂ ਤੱਕ ਹੋਰ ਵਿਅਕਤੀਆਂ ਦੇ ਨੁਕਸਾਨ ਨੂੰ ਘਟਾਉਣ ਜਾਂ ਰੋਕਣ ਲਈ ਜ਼ਰੂਰੀ ਨਾ ਹੋਣ।

26. ਕੀ ਇਹ ਯਕੀਨੀ ਕਰਨ ਲਈ ਸਾਡੇ ਚੁੱਕੇ ਕਦਮਾਂ ਬਾਰੇ ਤੁਹਾਡੇ ਕੋਈ ਵਿਚਾਰ ਹਨ ਕਿ ਤਜਵੀਜ਼ਾਂ ਮਨੁੱਖੀ ਅਧਿਕਾਰਾਂ ਦੇ ਯੂਰੋਪੀਅਨ ਕਨਵੈਨਸ਼ਨ ਦੁਆਰਾ ਸੁਰੱਖਿਅਤ ਅਧਿਕਾਰਾਂ ਦੇ ਅਨੁਕੂਲ ਹਨ?

# ਭਾਗ 12: ਪਰਿਵਰਤਨ ਕਾਰਵਾਈਆਂ ਨਾਲ ਸੰਬੰਧਤ ਇੱਕ ਨਵਾਂ ਸਿਵਲ ਆਰਡਰ

## ਪਿਛੋਕੜ

67. ਪਰਿਵਰਤਨ ਕਾਰਵਾਈਆਂ ਤੋਂ ਬਚਣ ਵਾਲਿਆਂ ਦੇ ਸਬੂਤ, ਅਤੇ ਨਾਲ ਹੀ EAG ਦੁਆਰਾ ਕੀਤੀਆਂ ਸਿਫ਼ਾਰਸ਼ਾਂ, ਸੁਝਾਅ ਦਿੰਦੀਆਂ ਹਨ ਕਿ ਅਜਿਹੇ ਕੇਸ ਹੋਣਗੇ ਜਿੱਥੇ ਅਪਰਾਧਿਕ ਕਨੂੰਨ ਦੀ ਵਰਤੋਂ ਕਾਰਵਾਈ ਦਾ ਸਭ ਤੋਂ ਢੁਕਵਾਂ ਤਰੀਕਾ ਨਹੀਂ ਹੈ। ਅਪਰਾਧਿਕ ਕਨੂੰਨ ਅਜਿਹੇ ਕਿਸੇ ਅਪਰਾਧ ਲਈ ਪ੍ਰਤੀਕਿਰਿਆ ਦਿੰਦਾ ਹੈ ਜੋ ਰੋਕਥਾਮ ਵਾਲੀ ਕਾਰਵਾਈ ਨੂੰ ਸਮਰੱਥ ਬਣਾਉਣ ਦੀ ਬਜਾਏ ਪਹਿਲਾਂ ਹੀ ਵਾਪਰ ਚੁੱਕਾ ਹੈ।

68. ਅਖੌਤੀ ਸਬੂਤ ਅਤੇ ਖੋਜ ਡੇਟਾ ਉਜਾਗਰ ਕਰਦਾ ਹੈ ਕਿ ਪਰਿਵਰਤਨ ਕਾਰਵਾਈਆਂ ਅਕਸਰ ਧਾਰਮਿਕ, ਪਰਿਵਾਰਕ, ਅਤੇ ਭਾਈਚਾਰਕ ਕੇਂਦਰਾਂ ਵਿੱਚ ਹੁੰਦੀਆਂ ਹਨ। ਪੀੜਤ ਪੁਲਿਸ ਨੂੰ ਜ਼ੁੰਮੇਵਾਰ ਵਿਅਕਤੀਆਂ ਦੀ ਰਿਪੋਰਟ ਕਰਨ ਜਾਂ ਅਪਰਾਧਿਕ ਮੁਕੱਦਮੇ ਦੌਰਾਨ ਸਬੂਤ ਦੇਣ ਤੋਂ ਝਿਜਕ ਸਕਦੇ ਹਨ।

69. ਇੱਕ ਨਾਗਰਿਕ ਹੁਕਮ ਪਰਿਵਰਤਨ ਕਾਰਵਾਈਆਂ ਨੂੰ ਸੰਬੋਧਿਤ ਕਰਨ ਅਤੇ ਰੋਕਣ ਲਈ ਇੱਕ ਰਾਹ ਮੁਹੱਈਆ ਕਰਦਾ ਹੈ, ਜਿਸ ਵਿੱਚ ਉਹ ਸਥਿਤੀਆਂ ਸ਼ਾਮਲ ਹਨ ਜਿੱਥੇ ਪੁਲਿਸ ਅਤੇ ਕ੍ਰਾਊਨ ਆਫਿਸ ਅਤੇ ਪ੍ਰੋਕਿਉਰੇਟਰ ਫਿਸਕਲ ਸਰਵਿਸ (COPFS) ਅਪਰਾਧਿਕ ਉਪਾਵਾਂ ਨੂੰ ਉਚਿਤ ਨਹੀਂ ਸਮਝਦੇ ਹਨ। ਹਾਲਾਂਕਿ, ਸਿਵਲ ਆਰਡਰਾਂ ਲਈ ਅਜੇ ਵੀ ਇੱਕ ਰਸਮੀ ਕਨੂੰਨੀ ਪ੍ਰਕਿਰਿਆ ਦੀ ਲੋੜ ਹੁੰਦੀ ਹੈ ਜੋ ਉਸ ਵਿਅਕਤੀ(ਆਂ) ਲਈ ਲੋੜੀਂਦੀ ਸੁਰੱਖਿਆ ਮੁਹੱਈਆ ਕਰਦੀ ਹੈ ਜਿਸ 'ਤੇ ਆਰਡਰ ਲਾਗੂ ਹੁੰਦਾ ਹੈ।

70. Scotland ਵਿੱਚ ਕਨੂੰਨ ਕਈ ਵਿਅਕਤੀਗਤ ਅਤੇ ਭਾਈਚਾਰਕ ਸੁਰੱਖਿਆ ਹੁਕਮਾਂ ਦੀ ਵਿਵਸਥਾ ਕਰਦਾ ਹੈ ਜਿਨ੍ਹਾਂ ਦੀ ਵਰਤੋਂ ਵਿਅਕਤੀਆਂ ਦੀ ਸੁਰੱਖਿਆ ਅਤੇ ਵੱਖ-ਵੱਖ ਸਥਿਤੀਆਂ ਵਿੱਚ ਨੁਕਸਾਨਦੇਹ ਵਿਵਹਾਰ ਨੂੰ ਰੋਕਣ ਲਈ ਕੀਤੀ ਜਾ ਸਕਦੀ ਹੈ। ਹਾਲਾਂਕਿ, ਇਨ੍ਹਾਂ ਮੌਜੂਦਾ ਸਿਵਲ ਆਰਡਰਾਂਵਿੱਚੋਂ ਕੋਈ ਵੀ ਪਰਿਵਰਤਨ ਕਾਰਵਾਈਆਂ ਦੀ ਸਮੱਸਿਆ ਨੂੰ ਪੂਰੀ ਤਰ੍ਹਾਂ ਹੱਲ ਨਹੀਂ ਕਰਦਾ ਹੈ, ਅਤੇ ਨਾ ਹੀ ਉਨ੍ਹਾਂ ਨੂੰ ਇਸ ਲਈ ਤਿਆਰ ਕੀਤਾ ਗਿਆ ਹੈ।

71. ਪਰਿਵਰਤਨ ਕਾਰਵਾਈਆਂ ਦੇ ਸੰਬੰਧ ਵਿੱਚ ਪ੍ਰਸਤਾਵਿਤ ਸਿਵਲ ਆਰਡਰਾਂ ਦੀ ਇੱਕ ਮਹੱਤਵਪੂਰਣ ਵਿਸ਼ੇਸ਼ਤਾ ਵਿਸ਼ੇਸ਼ ਵਿਅਕਤੀਆਂ ਨੂੰ ਇੱਕ ਅਨੁਕੂਲਿਤ ਅਤੇ ਵਿਅਕਤੀਗਤ ਤਰੀਕੇ ਵਿੱਚ ਪਰਿਵਰਤਨ ਕਾਰਵਾਈਆਂ ਦੇ ਨੁਕਸਾਨ ਦੇ ਪਛਾਣੇ ਗਏ ਜੋਖਮ ਤੋਂ ਬਚਾਉਣ ਦੀ ਸਮਰੱਥਾ ਹੈ।

72. ਅਸੀਂ ਉਨ੍ਹਾਂ ਵਿਅਕਤੀਆਂ ਜਾਂ ਸੰਸਥਾਵਾਂ ਦੁਆਰਾ ਹੋਣ ਵਾਲੇ ਨੁਕਸਾਨ ਨੂੰ ਹੱਲ ਕਰਨ ਦੇ ਯੋਗ ਹੋਣ ਲਈ ਨਾਗਰਿਕ ਹੁਕਮਮੁਹੱਈਆ ਕਰਨ ਦੇ ਮੁੱਲ ਦੀ ਵੀ ਪਛਾਣ ਕੀਤੀ ਹੈ ਜੋ ਵਿਆਪਕ ਪੈਮਾਨੇ 'ਤੇ ਪਰਿਵਰਤਨ ਕਾਰਵਾਈਆਂ ਦਾ ਸੰਚਾਲਨ ਕਰਦੇ ਹਨ। ਇਸ ਕੇਸ ਵਿੱਚ ਕੋਈ ਖਾਸ, ਨਾਮੀ ਪੀੜਤ ਨਹੀਂ ਹੋ ਸਕਦਾ ਹੈ।

## ਤਜਵੀਜ਼ ਦਾ ਸਾਰ

73. ਸਾਡੀ ਤਜਵੀਜ਼ ਨਿਮਨਲਿਖਿਤ ਉਪਯੋਗਾਂ ਨਾਲ ਨਾਗਰਿਕ ਹੁਕਮ ਪੇਸ਼ ਕਰਨਾ ਹੈ:

- ਕਿਸੇ ਖਾਸ ਪੀੜਤ ਨੂੰ ਕਿਸੇ ਵਿਅਕਤੀ ਦੁਆਰਾ ਪਹੁੰਚਾਏ ਗਏ ਨੁਕਸਾਨ ਤੋਂ ਬਚਾਉਣ ਲਈ
- ਕਿਸੇ ਵਿਅਕਤੀ ਜਾਂ ਸੰਗਠਨ ਦੇ ਨੁਕਸਾਨਦੇਹ ਵਿਵਹਾਰ ਤੋਂ ਵਿਆਪਕ ਭਾਈਚਾਰੇ ਦੀ ਰੱਖਿਆ ਕਰਨ ਲਈ। ਉਦਾਹਰਨ ਲਈ, ਇੱਕ ਵਿਅਕਤੀ ਜਿਸਨੇ ਪਹਿਲਾਂ ਪਰਿਵਰਤਨ ਕਾਰਵਾਈਆਂ ਦੇ ਨਤੀਜੇ ਵਜੋਂ ਕਈ ਲੋਕਾਂ ਨੂੰ ਨੁਕਸਾਨ ਪਹੁੰਚਾਇਆ ਹੈ।

# ਭਾਗ 13: ਪਰਿਵਰਤਨ ਕਾਰਵਾਈਆਂ ਸੰਬੰਧੀ ਸੁਰੱਖਿਆ ਆਰਡਰ ਦੇ ਉਦੇਸ਼

74. ਨਾਗਰਿਕ ਹੁਕਮ ਰੋਕਥਾਮ ਵਾਲੇ ਹਨਅਤੇ ਜੋਖਮ 'ਤੇ ਅਧਾਰਤ ਹਨ। ਜੇਕਰ ਕੋਈ ਖਾਸ ਵਿਅਕਤੀ ਜਾਂ ਵਿਅਕਤੀ ਆਰਡਰ ਦੁਆਰਾ ਸੁਰੱਖਿਅਤ ਕੀਤੇ ਜਾਣੇ ਹਨ ਤਾਂ ਇਸ ਗੱਲ ਦਾ ਸਬੂਤ ਦੇਣ ਦੀ ਲੋੜ ਨਹੀਂ ਹੋਵੇਗੀ ਕਿ ਪਰਿਵਰਤਨ ਕਾਰਵਾਈਆਂ ਪਹਿਲਾਂ ਹੀ ਹੋ ਚੁੱਕੀਆਂ ਹਨ। ਇਸਦੀ ਬਜਾਏ, ਪਰਿਵਰਤਨ ਕਾਰਵਾਈਆਂ ਦੇ ਹੋਣ ਦੇ ਜੋਖਮ, ਅਤੇ ਸੁਰੱਖਿਅਤ ਕੀਤੇ ਜਾਣ ਵਾਲੇ ਵਿਅਕਤੀ(ਆਂ) ਨੂੰ ਨੁਕਸਾਨ ਦੇ ਜੋਖਮ ਦੇ ਸਬੂਤ ਹੋਣ ਦੀ ਲੋੜ ਹੈ।

75. ਜਿੱਥੇ ਆਰਡਰ ਦੀ ਵਰਤੋਂ ਵਿਆਪਕ ਭਾਈਚਾਰੇ ਦੀ ਸੁਰੱਖਿਆ ਲਈ ਕੀਤੀ ਜਾ ਰਹੀ ਹੈ, ਉੱਥੇ ਅਦਾਲਤ ਵਿੱਚ ਇਹ ਦਿਖਾਉਣ ਦੀ ਲੋੜ ਹੁੰਦੀ ਹੈ ਕਿ ਵਿਅਕਤੀ ਨੇ ਪਹਿਲਾਂ ਪਰਿਵਰਤਨ ਦੀਆਂ ਕਾਰਵਾਈਆਂ ਕੀਤੀਆਂ ਹਨ।

76. ਜਿੱਥੇ ਅਪਰਾਧਿਕ ਵਿਵਹਾਰ ਕੀਤਾ ਗਿਆ ਹੋਵੇ, ਉੱਥੇ ਇੱਕ ਆਰਡਰ ਦਿੱਤਾ ਜਾ ਸਕਦਾ ਹੈ। ਉਦਾਹਰਨ ਲਈ, ਕਿਸੇ ਅਪਰਾਧਿਕ ਜੁਰਮ ਲਈ ਸਜ਼ਾ ਦੇਣ ਵੇਲੇ ਇੱਕ ਆਰਡਰ ਦਿੱਤਾ ਜਾ ਸਕਦਾ ਹੈ।

27. ਤਜਵੀਜ਼ ਕੀਤੇ ਪਰਿਵਰਤਨ ਕਾਰਵਾਈਆਂ ਦੇ ਸੁਰੱਖਿਆ ਆਰਡਰ ਦੇ ਉਦੇਸ਼ਾਂ ਬਾਰੇ ਤੁਹਾਡੇ ਕੀ ਵਿਚਾਰ ਹਨ?

- ☐ ਸਮਰਥਨ ਕਰਦੇ ਹੋ
- ☐ ਸਮਰਥਨ ਨਹੀਂ ਕਰਦੇ ਹੋ
- ☐ ਮੈਨੂੰ ਨਹੀਂ ਪਤਾ

28. ਕਿਰਪਾ ਕਰਕੇ ਸਵਾਲ 27 ਲਈ ਆਪਣੇ ਜਵਾਬ ਦੀ ਵਿਆਖਿਆ ਕਰੋ।

**ਅਦਾਲਤਾਂ ਕੋਲ ਕੀ ਤਾਕਤਾਂ ਹੋਣਗੀਆਂ?**

77. ਕਿਉਂਕਿ ਹਰੇਕ ਪੀੜ੍ਹਤ ਦਾ ਅਨੁਭਵ ਵਿਲੱਖਣ ਹੁੰਦਾ ਹੈ, ਅਸੀਂ ਤਜਵੀਜ਼ ਕਰਦੇ ਹਾਂ ਕਿ ਅਦਾਲਤਾਂ ਨੂੰ ਵਿਅਕਤੀ ਦੀ ਸੁਰੱਖਿਆ ਲਈ ਲੋੜੀਂਦੀਆਂ ਕਿਸੇ ਵੀ ਲੋੜਾਂ ਅਤੇ ਮਨਾਹੀ ਨੂੰ ਲਾਗੂ ਕਰਨ ਲਈ ਵਿਆਪਕ ਸ਼ਕਤੀ ਦਿੱਤੀ ਜਾਂਦੀ ਹੈ। ਅਦਾਲਤ ਦੁਆਰਾ ਕਿਸੇ ਵਿਅਕਤੀ 'ਤੇ ਕੋਈ ਲੋੜ ਜਾਂ ਮਨਾਹੀ ਨਹੀਂ ਲਗਾਈ ਜਾ ਸਕਦੀ ਹੈ ਜਿੱਥੇ ਇਹ ਕਿਸੇ ਹੋਰ ਵਿਅਕਤੀ ਦੀ ਸੁਰੱਖਿਆ ਲਈ ਜ਼ਰੂਰੀ ਨਾ ਹੋਵੇ।

78. ਅਦਾਲਤ ਕੋਲ ਹੁਕਮ ਦੀ ਮਿਆਦ, ਅਤੇ ਇਸ ਦੇ ਅੰਦਰ ਦੀਆਂ ਕੋਈ ਵੀ ਸ਼ਰਤਾਂ ਜਾਂ ਲੋੜਾਂ ਨਿਰਧਾਰਤ ਕਰਨ ਦੀ ਤਾਕਤ ਵੀ ਹੋਵੇਗੀ।

79. ਹੁਕਮ ਨੂੰ ਹਟਾਉਣ ਜਾਂ ਵੱਖ-ਵੱਖ ਕਰਵਾਉਣ ਲਈ ਅਦਾਲਤ ਨੂੰ ਅਰਜ਼ੀ ਦੇਣੀ ਵੀ ਸੰਭਵ ਹੋਵੇਗੀ। ਸਾਡਾ ਇਰਾਦਾ ਹੈ ਕਿ ਅਦਾਲਤ ਕੋਲ ਇੱਕ ਹੁਕਮ ਆਰਡਰ ਦੇਣ ਦੀ ਸ਼ਕਤੀ ਹੋਵੇ ਜਿੱਥੇ ਉਹ ਇਸਨੂੰ ਜ਼ਰੂਰੀ ਸਮਝਦੀ ਹੈ। ਇਹ ਜ਼ਬਰਦਸਤੀ ਵਿਆਹ ਅਤੇ ਮਾਦਾ ਜਣਨ ਅੰਗਾਂ ਦੇ ਵਿਗਾੜ ਸਮੇਤ ਹੋਰ ਨਾਗਰਿਕ ਹੁਕਮਾਂਦੇ ਦ੍ਰਿਸ਼ਟੀਕੋਣ ਦੀ ਪਾਲਣਾ ਕਰਦਾ ਹੈ।

# ਭਾਗ 14: ਸਿਵਲ ਆਰਡਰ - ਵਿਚਾਰ

**ਪਰਿਵਰਤਨ ਕਾਰਵਾਈਆਂ ਸੰਬੰਧੀ ਨਾਗਰਿਕ ਹੁਕਮ ਦੀ ਉਲੰਘਣਾ ਕਰਨਾ**

80. ਸਾਡਾ ਮੰਨਣਾ ਹੈ ਕਿ ਨਾਗਰਿਕ ਹੁਕਮ ਦੀ ਉਲੰਘਣਾ ਕਰਨ ਲਈ ਅਪਰਾਧਿਕ ਸਜ਼ਾ ਹੋਣੀ ਚਾਹੀਦੀ ਹੈ। ਇਹ ਯਕੀਨੀ ਕਰੇਗਾ ਕਿ ਉਹ ਇੱਕ ਰੋਕਥਾਮ ਵਜੋਂ ਪ੍ਰਭਾਵੀ ਹਨ, ਇਸਲਈ Scotland ਵਿੱਚ ਪਰਿਵਰਤਨ ਕਰਵਾਈਆਂ ਨੂੰ ਸਮਾਪਤ ਕਰਨ ਦੇ ਸਾਡੇ ਸਮੁੱਚੇ ਟੀਚੇ ਵੱਲ ਕੰਮ ਕਰਨਾ।

81. ਨਾਗਰਿਕ ਹੁਕਮਾਂ ਵਾਲੇ ਹੋਰ ਮੌਜੂਦਾ ਕਨੂੰਨਾਂ ਦੇ ਅਨੁਸਾਰ, ਅਸੀਂ ਪਰਿਵਰਤਨ ਕਾਰਵਾਈਆਂ ਸੰਬੰਧੀ ਨਾਗਰਿਕ ਹੁਕਮ ਦੀ ਉਲੰਘਣਾ ਕਰਨ ਲਈ ਅੱਗੇ ਦਿੱਤੀ ਸਜ਼ਾ ਦੀ ਸੀਮਾ ਦੀ ਤਜਵੀਜ਼ ਕਰਦੇ ਹਾਂ:

- **ਸੰਖੇਪ ਦੋਸ਼ੀ ਠਹਿਰਾਉਣ 'ਤੇ: ਵੱਧ ਤੋਂ ਵੱਧ 12 ਮਹੀਨਿਆਂ ਦੀ ਮਿਆਦ ਲਈ ਕੈਦ, ਅਧਿਕਤਮ ਵੱਧ ਤੋਂ ਵੱਧ ਕਨੂੰਨੀ ਅਧਿਕਤਮ ਜੁਰਮਾਨਾ, ਜਾਂ ਦੋਵੇਂ**
- **ਇਲਜ਼ਾਮ 'ਤੇ ਦੋਸ਼ੀ ਠਹਿਰਾਏ ਜਾਣ 'ਤੇ (ਗੰਭੀਰ ਪ੍ਰਕਿਰਿਆ): ਵੱਧ ਤੋਂ ਵੱਧ 2 ਸਾਲਾਂ ਦੀ ਸਜ਼ਾ, ਜੁਰਮਾਨਾ, ਜਾਂ ਦੋਵੇਂ**

**ਕੌਣ ਇੱਕ ਹੁਕਮ ਲਈ ਅਰਜ਼ੀ ਦੇਣ ਦੇ ਯੋਗ ਹੋਵੇਗਾ?**

82. ਪਰਿਵਰਤਨ ਕਾਰਵਾਈਆਂ ਦੀ ਪ੍ਰਕਿਰਤੀ ਦੇ ਕਾਰਨ, ਜੋਖਮ ਵਾਲੇ ਵਿਅਕਤੀ ਅੱਗੇ ਆਉਣ ਅਤੇ ਸੁਰੱਖਿਆ ਆਦੇਸ਼ ਦੀ ਬੇਨਤੀ ਕਰਨ ਤੋਂ ਝਿਜਕਦੇ ਹੋ ਸਕਦੇ ਹਨ, ਜਾਂ ਹੋ ਸਕਦਾ ਹੈ ਕਿ ਉਹ ਇਸ ਗੱਲ ਤੋਂ ਜਾਣੂ ਨਾ ਹੋਣ ਕਿ ਉਹ ਪਰਿਵਰਤਨ ਕਾਰਵਾਈਆਂ ਦਾ ਸ਼ਿਕਾਰ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਪਰਿਵਾਰ, ਦੋਸਤ, ਜਾਂ ਕੋਈ ਸਹਾਇਤਾ ਸੰਗਠਨ ਜੋਖਮ ਵਾਲੇ ਵਿਅਕਤੀ ਦੇ ਸੰਬੰਧ ਵਿੱਚ ਇੱਕ ਹੁਕਮਲਈ ਅਰਜ਼ੀ ਦੇਣ ਦੇ ਯੋਗ ਹੋਣ।

83. ਸਾਡੀ ਤਜਵੀਜ਼ ਇਹ ਹੈ ਕਿ ਅੱਗੇ ਦਿੱਤੇ ਲੋਕ ਕਿਸੇ ਨਵੇਂ ਪਰਿਵਰਤਨ ਕਾਰਵਾਈਆਂ ਸੰਬੰਧੀ ਨਾਗਰਿਕ ਹੁਕਮ ਲਈ ਅਰਜ਼ੀ ਦੇ ਸਕਣ ਜਦੋਂ ਇਹ ਸੁਰੱਖਿਅਤ ਕੀਤੇ ਜਾਣ ਵਾਲੇ ਕਿਸੇ ਖਾਸ ਵਿਅਕਤੀ ਦੇ ਸੰਬੰਧ ਵਿੱਚ ਹੋਵੇ:

- ਸੁਰੱਖਿਅਤ ਕੀਤਾ ਜਾਣ ਵਾਲਾ ਵਿਅਕਤੀ
- ਪੁਲਿਸ
- ਸਥਾਨਕ ਅਧਿਕਾਰੀ
- ਕੋਈ ਤੀਜੀ ਧਿਰ (ਸਿਰਫ਼ ਅਦਾਲਤ ਦੀ ਮਨਜ਼ੂਰੀ ਦੇ ਨਾਲ)

84. ਜਿੱਥੇ ਇੱਕ ਹੁਕਮ ਸਿਸਟਮਿਕ ਪਰਿਵਰਤਨ ਕਾਰਵਾਈਆਂ ਦਾ ਹੱਲ ਕਰਨ ਲਈ, ਜਾਂ ਸਮੁੱਚੇ ਤੌਰ 'ਤੇ (ਕਿਸੇ ਖਾਸ ਵਿਅਕਤੀ ਦੀ ਬਜਾਏ) ਭਾਈਚਾਰੇ ਦੀ ਸੁਰੱਖਿਆ ਲਈ ਲਾਗੂ ਕੀਤਾ ਜਾ ਰਿਹਾ ਹੈ, ਅਸੀਂ ਤਜਵੀਜ਼ ਕਰਦੇ ਹਾਂ ਕਿ ਸਿਰਫ਼ ਅੱਗੇ ਦਿੱਤੇ ਲੋਕ ਹੀ ਅਰਜ਼ੀ ਦੇਣ ਦੇ ਯੋਗ ਹੋਣੇ ਚਾਹੀਦੇ ਹਨ:

- ਪੁਲਿਸ
- ਸਥਾਨਕ ਅਧਿਕਾਰੀ

29. ਕੀ ਤੁਸੀਂ ਪਰਿਵਰਤਨ ਕਾਰਵਾਈਆਂ ਸੰਬੰਧੀ ਨਾਗਰਿਕ ਹੁਕਮ ਲਈ ਅਰਜ਼ੀ ਦੇਣ ਦੇ ਯੋਗ ਹੋਣ ਵਾਲੀਆਂ ਤਜਵੀਜ਼ਾਂ ਨਾਲ ਸਹਿਮਤ ਹੋਜਾਂ ਅਸਹਿਮਤ ਹੋ?

☐ ਸਹਿਮਤ ਹੋ

☐ ਸਹਿਮਤ ਨਹੀਂ ਹੋ

☐ ਮੈਨੂੰ ਨਹੀਂ ਪਤਾ

30. ਕਿਰਪਾ ਕਰਕੇ ਸਵਾਲ 29 ਲਈ ਆਪਣੇ ਜਵਾਬ ਦੀ ਵਿਆਖਿਆ ਕਰੋ।

# ਭਾਗ 14: ਸਿਵਲ ਆਰਡਰ - ਵਿਚਾਰ

**ਵਾਧੂ-ਖੇਤਰੀ ਪ੍ਰਭਾਵ**

85. ਸਕਾਟਿਸ਼ ਸਰਕਾਰ ਦਾ ਮੰਨਣਾ ਹੈ ਕਿ ਪਰਿਵਰਤਨ ਕਾਰਵਾਈਆਂ ਸੰਬੰਧੀ ਸੁਰੱਖਿਆ ਹੁਕਮਾਂ ਲਈ ਪਰਿਵਰਤਨ ਕਾਰਵਾਈਆਂ ਦੇ ਉਦੇਸ਼ਾਂ ਲਈ Scotland ਤੋਂ ਬਾਹਰ ਲਿਜਾਏ ਜਾਣ ਵਾਲੇ ਵਿਅਕਤੀਆਂ ਦੀ ਰੱਖਿਆ ਕਰਨਾ ਜ਼ਰੂਰੀ ਹੈ, ਅਤੇ ਨਾਲ ਹੀ Scotland ਤੋਂ ਬਾਹਰ ਹੋਏ ਵਿਹਾਰ 'ਤੇ ਅਧਾਰਤ ਹੋਣਾ ਵੀ ਜ਼ਰੂਰੀ ਹੈ। ਇਸ ਲਈ ਅਸੀਂ ਤਜਵੀਜ਼ ਕਰਦੇ ਹਾਂ ਕਿ ਅਦਾਲਤਾਂ ਇਹ ਕਰਨ ਦੇ ਯੋਗ ਹੋਣਗੀਆਂ:

- ਪਰਿਵਰਤਨ ਕਾਰਵਾਈਆਂ ਦੇ ਉਦੇਸ਼ ਲਈ ਕਿਸੇ ਵਿਅਕਤੀ ਨੂੰ Scotland ਤੋਂ ਬਾਹਰ ਲਿਜਾਏ ਜਾਣ ਤੋਂ ਰੋਕਣ ਵਾਲੀਆਂ ਸ਼ਰਤਾਂ ਸ਼ਾਮਲ ਕਰੋ
- Scotland ਤੋਂ ਬਾਹਰ ਹੋਣ ਵਾਲੇ ਵਿਹਾਰ ਦੇ ਸੰਬੰਧ ਵਿੱਚ ਲੋੜਾਂ ਜਾਂ ਪਾਬੰਦੀਆਂ ਨੂੰ ਸ਼ਾਮਲ ਕਰੋ

**ਬੱਚੇ ਅਤੇ ਨੌਜਵਾਨ ਲੋਕ**

86. ਇਹ ਮਹੱਤਵਪੂਰਨ ਹੈ ਕਿ ਕੋਈ ਵੀ ਨਵਾਂ ਕਨੂੰਨ ਕਿਸੇ ਵੀ ਬੱਚੇ ਨੂੰ ਖਤਰੇ ਵਿੱਚ ਨਹੀਂ ਪਾਉਂਦਾ ਹੈ ਜਾਂ ਵਰਤਮਾਨ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਉਪਲਬਧ ਮੌਜੂਦਾ ਬਹੁ-ਏਜੰਸੀ ਫਰੇਮਵਰਕ ਵਿੱਚ ਦਖਲ ਨਹੀਂ ਦਿੰਦਾ ਹੈ। ਬੱਚਿਆਂ ਨਾਲ ਵਿਵਹਾਰ ਕਰਦੇ ਸਮੇਂ, Scotland ਵਿੱਚ ਬਾਲ ਸੁਰੱਖਿਆ ਲਈ ਰਾਸ਼ਟਰੀ ਮਾਰਗਦਰਸ਼ਨਦੇ ਅਨੁਸਾਰ ਬਹੁ-ਏਜੰਸੀ ਬਾਲ ਸੁਰੱਖਿਆ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।

87. ਸਾਡਾ ਮੰਨਣਾ ਹੈ ਕਿ ਜੇਕਰ ਪਰਿਵਰਤਨ ਕਾਰਵਾਈਆਂ ਦੇ ਕਿਸੇ ਕੰਮ ਦੇ ਤੱਥਾਂ ਅਤੇ ਹਾਲਾਤਾਂ ਨੂੰ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ, ਤਾਂ ਕੋਈ ਸਥਾਨਕ ਅਧਿਕਾਰੀ ਜਾਂ ਹੋਰ ਵਿਅਕਤੀ ਚਿਲਡਰਨਜ਼ ਹੀਅਰਿੰਗਜ਼ (Scotland) ਐਕਟ 2011 ਦੀਆਂ ਧਾਰਾਵਾਂ 37-39 ਦੇ ਤਹਿਤ ਚਾਈਲਡ ਪ੍ਰੋਟੈਕਸ਼ਨ ਆਰਡਰ ਪ੍ਰਾਪਤ ਕਰਨ ਦੇ ਯੋਗ ਹੋਵੇਗਾ (asp 1)।

88. ਅਸੀਂ ਇਹ ਵੀ ਤਜਵੀਜ਼ ਕਰਦੇ ਹਾਂ ਕਿ, ਪਰਿਵਰਤਨ ਕਾਰਵਾਈਆਂ ਦੇ ਸੁਰੱਖਿਆ ਹੁਕਮ ਲਈ ਅਰਜ਼ੀ ਦੇ ਦੌਰਾਨ, ਅਦਾਲਤ ਨੂੰ ਕੇਸ ਨੂੰ ਪ੍ਰਿੰਸੀਪਲ ਰਿਪੋਰਟਰ ਕੋਲ ਭੇਜਣ ਦੇ ਯੋਗ ਹੋਣਾ ਚਾਹੀਦਾ ਹੈ ਜੇਕਰ ਉਹ ਮੰਨਦੀ ਹੈ ਕਿ ਚਿਲਡਰਨਜ਼ ਹੀਅਰਿੰਗ ਐਕਟ 2011 ਵਿੱਚ ਨਿਰਧਾਰਤ ਰੈਫਰਲ ਦੇ ਆਧਾਰਾਂ ਵਿੱਚੋਂ ਇੱਕ ਲਾਗੂ ਹੋ ਸਕਦਾ ਹੈ।

31. ਕੀ ਭਾਗ 12-14 ਵਿੱਚ ਨਿਰਧਾਰਤ ਕੀਤੇ ਅਨੁਸਾਰ ਨਾਗਰਿਕ ਹੁਕਮ ਬਾਰੇ ਤੁਹਾਡੀ ਕੋਈ ਹੋਰ ਟਿੱਪਣੀ ਹੈ?

# ਭਾਗ 15: ਵਿਆਪਕ ਸਿਫ਼ਾਰਸ਼ਾਂ

**ਕਨੂੰਨ ਦਾ ਸਮਰਥਨ ਕਰਨ ਸਕਾਟਿਸ਼ ਸਰਕਾਰ ਲਈ ਹੋਰ ਕੀ ਕਰ ਰਹੀ ਹੈ?**

89. ਸਕਾਟਿਸ਼ ਸਰਕਾਰ, ਮਾਹਰ ਸਲਾਹਕਾਰ ਸਮੂਹ ਦੁਆਰਾ ਸਿਫ਼ਾਰਸ਼ ਕੀਤੇ ਅਨੁਸਾਰ, ਕਨੂੰਨ ਦਾ ਸਮਰਥਨ ਕਰਨ ਅਤੇ Scotland ਵਿੱਚ ਪਰਿਵਰਤਨ ਕਾਰਵਾਈਆਂ ਨੂੰ ਸਮਾਪਤ ਕਰਨ ਲਈ ਵਿਆਪਕ ਸਹਾਇਤਾ ਮੁਹੱਈਆ ਕਰਨ ਲਈ ਵਾਧੂ ਕਦਮ ਚੁੱਕਣ ਦੀ ਪੜਚੋਲ ਕਰ ਰਹੀ ਹੈ। ਪਰਿਵਰਤਨ ਕਾਰਵਾਈਆਂ ਨੂੰ ਸਮਾਪਤ ਕਰਨਾ ਤਾਂ ਹੀ ਸਫਲ ਹੋਵੇਗਾ ਜੇਕਰ ਕਨੂੰਨ ਦਾ ਸਮਰਥਨ ਕਰਨ ਵਾਲੇ ਉਪਾਅ ਵੀ ਅੱਗੇ ਲਿਆਏ ਜਾਣ।

90. ਹਾਲਾਂਕਿ ਮੁੱਖ ਖੇਤਰ ਜਿਵੇਂ ਕਿ ਸਿੱਖਿਆ, ਬਚੇ ਹੋਏ ਲੋਕਾਂ ਲਈ ਸਹਾਇਤਾ ਵਿਧੀ, ਅਤੇ ਖੋਜ ਤਜਵੀਜ਼ ਕੀਤੇ ਕਨੂੰਨ ਵਿੱਚ ਸ਼ਾਮਲ ਨਹੀਂ ਕੀਤੇ ਜਾਣਗੇ, ਇਹ ਇਨ੍ਹਾਂ ਖੇਤਰਾਂ ਵਿੱਚ ਸੁਧਾਰ ਕਰਨ ਦੇ ਤਰੀਕੇ ਬਾਰੇ ਵਿਚਾਰ ਕਰਨ ਲਈ ਪਰਿਵਰਤਨ ਕਾਰਵਾਈਆਂ ਨੂੰ ਸਮਾਪਤ ਕਰਨ ਲਈ ਇੱਕ ਪ੍ਰਭਾਵਸ਼ਾਲੀ ਅਤੇ ਸੰਪੂਰਨ ਦ੍ਰਿਸ਼ਟੀਕੋਣ ਲਈ ਬਰਾਬਰ ਮਹੱਤਵਪੂਰਨ ਅਤੇ ਜ਼ਰੂਰੀ ਹੈ।

91. ਅਸੀਂ ਪੜਚੋਲ ਕਰਾਂਗੇ ਕਿ LGBTQI+ ਦਿੱਖ 'ਤੇ ਸਾਡੇ ਵਿਆਪਕ ਕੰਮ ਦੇ ਹਿੱਸੇ ਵਜੋਂ, ਅਸੀਂ ਬੱਚਿਆਂ ਅਤੇ ਨੌਜਵਾਨਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਇਸ ਬਾਰੇ ਸਭ ਤੋਂ ਵਧੀਆ ਕਿਵੇਂ ਸਿੱਖਿਅਤ ਕਰ ਸਕਦੇ ਹਾਂ ਕਿ ਪਰਿਵਰਤਨ ਕਾਰਵਾਈਆਂ ਕੀ ਹਨ, ਅਤੇ ਪੀੜ੍ਹਤਾਂ ਦੇ ਜੀਵਨ 'ਤੇ ਉਨ੍ਹਾਂ ਦੇ ਨੁਕਸਾਨਦੇਹ ਪ੍ਰਭਾਵ ਕੀ ਹਨ।

92. ਇਹ ਯਕੀਨੀ ਕਰਨ ਲਈ ਕਿ ਸਮਾਜ ਦਾ ਕੋਈ ਵੀ ਖੇਤਰ ਛੱਡਿਆ ਨਾ ਜਾਵੇ, ਅਨੁਕੂਲਿਤ ਅਤੇ ਨਿਸ਼ਾਨਾਬੱਧ ਭਾਈਚਾਰਾ ਆਊਟਰੀਚ ਪ੍ਰੋਗਰਾਮਾਂ 'ਤੇ ਵੀ ਵਿਚਾਰ ਕੀਤਾ ਜਾਵੇਗਾ।

93. ਅਸੀਂ ਪੀੜ੍ਹਤਾਂ ਅਤੇ ਪਰਿਵਰਤਨ ਕਾਰਵਾਈਆਂ ਦੇ ਬਚੇ ਹੋਏ ਲੋਕਾਂ ਲਈ ਮੌਜੂਦਾ ਸਹਾਇਤਾ ਦੇ ਦਾਇਰੇ ਨੂੰ ਦੇਖਾਂਗੇ, ਅਤੇ ਦੇਖਾਂਗੇ ਕਿ ਇਸ ਸਹਾਇਤਾ ਨੂੰ ਕਿਵੇਂ ਮਜ਼ਬੂਤ ਕੀਤਾ ਜਾ ਸਕਦਾ ਹੈ।

94. ਅਸੀਂ ਪਰਿਵਰਤਨ ਕਾਰਵਾਈਆਂ ਅਤੇ ਵਿਧਾਨਿਕ ਕਾਰਵਾਈਆਂ ਪ੍ਰਤੀ ਜਾਗਰੂਕਤਾ ਵਧਾਉਣ 'ਤੇ ਵਿਚਾਰ ਕਰਾਂਗੇ, ਨਾਲ ਹੀ ਵਿਚਾਰ ਕਰਾਂਗੇ ਕਿ ਅਸੀਂ ਪਰਿਵਰਤਨ ਕਾਰਵਾਈਆਂ ਦੇ ਪੀੜ੍ਹਤਾਂ ਅਤੇ ਬਚੇ ਹੋਏ ਲੋਕਾਂ ਨੂੰ ਉਨ੍ਹਾਂ ਲਈ ਉਪਲਬਧ ਸਹਾਇਤਾ ਸੇਵਾਵਾਂ ਬਾਰੇ ਸਭ ਤੋਂ ਵਧੀਆ ਕਿਵੇਂ ਸੂਚਿਤ ਕਰ ਸਕਦੇ ਹਾਂ।

95. ਅੰਤ ਵਿੱਚ, ਅਸੀਂ Scotland ਅਤੇ ਅੰਤਰਰਾਸ਼ਟਰੀ ਤੌਰ 'ਤੇ, ਪਰਿਵਰਤਨ ਕਾਰਵਾਈਆਂ ਨੂੰ ਸਮਾਪਤ ਕਰਨ ਲਈ ਹੋਰ ਕੰਮ ਨੂੰ ਸੂਚਿਤ ਕਰਨ ਵਿੱਚ ਯੋਗਦਾਨ ਪਾਉਣ ਦੇ ਇੱਕ ਖੋਜ ਪ੍ਰੋਜੈਕਟ ਨੂੰ ਸਥਾਪਤ ਕਰਨ ਬਾਰੇ ਵਿਚਾਰ ਕਰਾਂਗੇ।

# ਭਾਗ 16: ਪ੍ਰਭਾਵ ਮੁਲਾਂਕਣ

96. ਜਿਵੇਂ ਕਿ ਅਸੀਂ ਆਪਣੀ ਨੀਤੀ ਤਿਆਰ ਕੀਤੀ ਹੈ, ਅਤੇ ਇਸ ਜਨਤਕ ਸਲਾਹ-ਮਸ਼ਵਰੇ ਦੀ ਪ੍ਰਤੀਕਿਰਿਆ ਵਿੱਚ, ਅਸੀਂ ਪ੍ਰਭਾਵ ਮੁਲਾਂਕਣ ਕਰਾਂਗੇ। ਇਨ੍ਹਾਂ ਮੁਲਾਂਕਣਾਂ ਦਾ ਉਦੇਸ਼ ਉਨ੍ਹਾਂ ਮੁੱਦਿਆਂ ਦੀ ਪਛਾਣ ਕਰਨਾ ਹੈ ਜੋ ਕੁਝ ਸਮੂਹਾਂ ਨੂੰ ਦੂਜਿਆਂ ਨਾਲੋਂ ਜ਼ਿਆਦਾ ਪ੍ਰਭਾਵਿਤ ਕਰ ਸਕਦੇ ਹਨ ਅਤੇ ਇਹ ਵਿਚਾਰ ਕਰਨਾ ਹੈ ਕਿ ਅਸੀਂ ਇਨ੍ਹਾਂ ਮੁੱਦਿਆਂ ਨੂੰ ਕਿਵੇਂ ਹੱਲ ਕਰਾਂਗੇ।

97. ਅਸੀਂ ਮੰਨਦੇ ਹਾਂ ਕਿ ਤਜਵੀਜ਼ ਕੀਤੇ ਕਨੂੰਨ ਦੇ ਕੁਝ ਖੇਤਰਾਂ ਦਾ ਦੂਜਿਆਂ ਨਾਲੋਂ ਬਹੁਤ ਜ਼ਿਆਦਾ ਪ੍ਰਭਾਵ ਹੋਵੇਗਾ ਅਤੇ ਇਹ ਕਿ ਤਜਵੀਜ਼ਾਂ ਦਾ ਕੁਝ ਖੇਤਰਾਂ ਵਿੱਚ ਘੱਟ ਜਾਂ ਕੋਈ ਪ੍ਰਭਾਵ ਨਹੀਂ ਹੋ ਸਕਦਾ ਹੈ।

### ਸਮਾਨਤਾਵਾਂ

98. ਜਨਤਕ ਖੇਤਰ ਦੇਸਮਾਨਤਾ ਕਰਤੱਵ ਵਿੱਚ ਸਕਾਟਿਸ਼ ਸਰਕਾਰ ਅਤੇ ਹੋਰ ਜਨਤਕ ਸੰਸਥਾਵਾਂ ਲਈ ਸਮਾਨਤਾ ਐਕਟ 2010 ਦੁਆਰਾ ਵਰਜਿਤ ਗੈਰ-ਕਨੂੰਨੀ ਵਿਤਕਰੇ, ਪਰੇਸ਼ਾਨੀ, ਅੱਤਿਆਚਾਰ ਅਤੇ ਹੋਰ ਵਿਵਹਾਰ ਨੂੰ ਸਮਾਪਤ ਕਰਨ ਦੀ ਲੋੜ ਦਾ ਧਿਆਨ ਰੱਖਣ ਦੀ ਲੋੜ ਸ਼ਾਮਲ ਹੈ।

32. ਕੀ ਸਮਾਨਤਾ 'ਤੇ ਇਸ ਸਲਾਹ-ਮਸ਼ਵਰੇ ਵਿੱਚ ਤਜਵੀਜ਼ਾਂ ਦੇ ਸੰਭਾਵੀ ਪ੍ਰਭਾਵਾਂ ‘ਤੇ ਤੁਹਾਡੇ ਕੋਈ ਵਿਚਾਰ ਹਨ:

a. ਉਮਰ

b. ਅਪਾਹਜਤਾ

c. ਲਿੰਗ ਪੁਨਰ-ਨਿਰਧਾਰਨ

d. ਨਾਗਰਿਕ ਭਾਈਵਾਲੀ

e. ਗਰਭ ਅਵਸਥਾ ਅਤੇ ਜਣੇਪਾ

f. ਨਸਲ

g. ਧਰਮ ਅਤੇ ਵਿਸ਼ਵਾਸ

h. ਲਿੰਗ

i. ਜਿਨਸੀ ਰੁਝਾਨ

### ਬੱਚਿਆਂ ਦੇ ਅਧਿਕਾਰ

99. ਬਾਲ ਅਧਿਕਾਰਾਂ ‘ਤੇ UN ਸੰਧੀ (UNCRC) ਇੱਕ ਅੰਤਰਰਾਸ਼ਟਰੀ ਸੰਧੀ ਹੈ ਜੋ ਸਾਰੇ ਬੱਚਿਆਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਨੂੰ ਨਿਰਧਾਰਤ ਕਰਦੀ ਹੈ। ਬਾਲ ਅਤੇ ਨੌਜਵਾਨ ਲੋਕ (Scotland) ਐਕਟ ਦਾ ਭਾਗ 1 ਸਕਾਟਿਸ਼ ਮੰਤਰੀਆਂ ‘ਤੇ ਫਰਜ਼ ਲਾਗੂ ਕਰਦਾ ਹੈ ਕਿ (a) ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਕਿ ਕੀ ਕੋਈ ਅਜਿਹੇ ਕਦਮ ਹਨ ਜੋ ਉਹ ਚੁੱਕ ਸਕਦੇ ਹਨ ਜੋ UNCRC ਲੋੜਾਂ ਦੇ Scotland ਵਿੱਚ ਬਿਹਤਰ ਜਾਂ ਹੋਰ ਪ੍ਰਭਾਵ ਸੁਰੱਖਿਅਤ ਕਰੇਗਾ ਜਾਂ ਕਰ ਸਕਦਾ ਹੈ; ਅਤੇ (b) ਜੇਕਰ ਉਹ ਅਜਿਹਾ ਕਰਨਾ ਉਚਿਤ ਸਮਝਦੇ ਹਨ, ਤਾਂ ਉਸ ਵਿਚਾਰ ਦੁਆਰਾ ਪਛਾਣੇ ਗਏ ਕਦਮਾਂ ਵਿੱਚੋਂ ਕੋਈ ਵੀ ਕਦਮ ਚੁੱਕਣਾ।

33. ਕੀ ਬੱਚਿਆਂ ਅਤੇ ਨੌਜਵਾਨ ਲੋਕਾਂ'ਤੇ ਬਾਲ ਅਧਿਕਾਰਾਂ ‘ਤੇ UN ਦੀ ਸੰਧੀ ਵਿੱਚ ਨਿਰਧਾਰਤ ਕੀਤੇ ਅਨੁਸਾਰ ਇਸ ਸਲਾਹ-ਮਸ਼ਵਰੇ ਦੀਆਂ ਤਜਵੀਜ਼ਾਂ ਦੇ ਸੰਭਾਵੀ ਪ੍ਰਭਾਵਾਂ ਬਾਰੇ ਤੁਹਾਡੇ ਕੋਈ ਵਿਚਾਰ ਹਨ?

### ਫੇਅਰਰ Scotland ਡਿਊਟੀ

100. ਫੇਅਰਰ Scotland ਡਿਊਟੀ 1 ਅਪ੍ਰੈਲ 2018 ਨੂੰ ਲਾਗੂ ਹੋਈ ਅਤੇ ਸਕਾਟਿਸ਼ ਸਰਕਾਰ ਸਮੇਤ ਨਾਮੀ ਜਨਤਕ ਸੰਸਥਾਵਾਂ 'ਤੇ ਇੱਕ ਕਨੂੰਨੀ ਜ਼ੁੰਮੇਵਾਰੀ ਲਾਗੂ ਕਰਦੀ ਹੈ, ਇਹ ਸਰਗਰਮੀ ਨਾਲ ਵਿਚਾਰ ਕਰਨਾ ਕਿ ਉਹ ਰਣਨੀਤਕ ਫ਼ੈਸਲੇ ਲੈਣ ਵੇਲੇ ਸਮਾਜਿਕ-ਆਰਥਿਕ ਨੁਕਸਾਨ ਦੇ ਕਾਰਨ ਹੋਈਆਂ ਨਤੀਜਿਆਂ ਦੀ ਅਸਮਾਨਤਾਵਾਂ ਨੂੰ ਕਿਵੇਂ ਘਟਾ ਸਕਦੇ ਹਨ।

34. ਕੀ ਸਮਾਜਿਕ-ਆਰਥਿਕ ਅਸਮਾਨਤਾ 'ਤੇ ਇਸ ਸਲਾਹ-ਮਸ਼ਵਰੇ ਵਿਚ ਤਜਵੀਜ਼ਾਂ ਦੇ ਸੰਭਾਵੀ ਪ੍ਰਭਾਵਾਂ ਬਾਰੇ ਤੁਹਾਡੇ ਕੋਈ ਵਿਚਾਰ ਹਨ?

# ਭਾਗ 16: ਪ੍ਰਭਾਵ ਮੁਲਾਂਕਣ

### ਟਾਪੂ ਭਾਈਚਾਰੇ

101. ਆਈਲੈਂਡਜ਼ (Scotland) ਐਕਟ 2018 ਦੀ ਧਾਰਾ 7 ਦੱਸਦੀ ਹੈ ਕਿ ਇੱਕ ਸੰਬੰਧਤ ਅਧਿਕਾਰੀ - ਜਿਸ ਵਿੱਚ ਸਕਾਟਿਸ਼ ਮੰਤਰੀ ਸ਼ਾਮਲ ਹਨ - ਨੂੰ ਆਪਣੇ ਕੰਮ ਕਰਨ ਵੇਲੇ ਟਾਪੂ ਦੇ ਭਾਈਚਾਰਿਆਂ ਦਾ ਧਿਆਨ ਰੱਖਣਾ ਚਾਹੀਦਾ ਹੈ।

35. ਕੀ ਤੁਹਾਡੇ ਸਕਾਟਿਸ਼ ਟਾਪੂਆਂ ਦੇ ਭਾਈਚਾਰਿਆਂ 'ਤੇ ਇਸ ਸਲਾਹ-ਮਸ਼ਵਰੇ ਵਿੱਚ ਤਜਵੀਜ਼ਾ ਦੇ ਸੰਭਾਵੀ ਪ੍ਰਭਾਵਾਂ ਬਾਰੇ ਕੋਈ ਵਿਚਾਰ ਹਨ?

### ਡਾਟਾ ਸੁਰੱਖਿਆ ਅਤੇ ਗੋਪਨੀਯਤਾ

102. ਡਾਟਾ ਸੁਰੱਖਿਆ ਅਤੇ ਗੋਪਨੀਯਤਾ ਪ੍ਰਭਾਵ ਮੁਲਾਂਕਣ ਤਜਵੀਜ਼ ਕੀਤੀਆਂ ਵਿਧਾਨਿਕ ਤਬਦੀਲੀਆਂ ਦੇ ਜੋਖਮਾਂ ਦਾ ਮੁਲਾਂਕਣ ਕਰਨ ਵਿੱਚ ਸਕਾਟਿਸ਼ ਸਰਕਾਰ ਦੀ ਮਦਦ ਕਰਦੇ ਹਨ ਜੋ ਨਿੱਜੀ ਡੇਟਾ ਦੀ ਵਰਤੋਂ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰਨ ਦੀ ਸੰਭਾਵਨਾ ਰੱਖਦੇ ਹਨ।

36. ਕੀ ਗੋਪਨੀਯਤਾ ਅਤੇ ਡਾਟਾ ਸੁਰੱਖਿਆ 'ਤੇ ਇਸ ਸਲਾਹ-ਮਸ਼ਵਰੇ ਵਿੱਚ ਤਜਵੀਜ਼ਾਂ ਦੇ ਸੰਭਾਵੀ ਪ੍ਰਭਾਵਾਂ ਬਾਰੇ ਤੁਹਾਡੇ ਕੋਈ ਵਿਚਾਰ ਹਨ?

### ਕਾਰੋਬਾਰ

103. ਇੱਕ ਬਿਜ਼ਨਸ ਅਤੇ ਰੈਗੂਲੇਟਰੀ ਪ੍ਰਭਾਵ ਮੁਲਾਂਕਣ (BRIA) ਦੀ ਵਰਤੋਂ ਕਾਰੋਬਾਰਾਂ ਅਤੇ ਕਿਸੇ ਵੀ ਤਜਵੀਜ਼ ਕੀਤੇ ਕਨੂੰਨ ਜਾਂ ਨਿਯਮ ਦੇ ਤੀਜੇ ਸੈਕਟਰ ਲਈ ਲਾਗਤਾਂ ਅਤੇ ਲਾਭਾਂ ਦਾ ਵਿਸ਼ਲੇਸ਼ਣ ਕਰਨ ਲਈ ਕੀਤੀ ਜਾਂਦੀ ਹੈ, ਇਸ ਤਜਵੀਜ਼ ਦੀ ਪਛਾਣ ਕਰਨ ਲਈ ਸਬੂਤ ਦੀ ਵਰਤੋਂ ਕਰਨ ਦੇ ਟੀਚੇ ਨਾਲ ਜੋ ਲਾਗਤਾਂ ਅਤੇ ਬੋਝਾਂ ਨੂੰ ਜਿੰਨਾਂ ਵੱਧ ਤੋਂ ਵੱਧ ਸੰਭਵ ਹੋ ਸਕੇਘੱਟ ਕਰਦੇ ਹੋਏ ਨੀਤੀਗਤ ਉਦੇਸ਼ਾਂ ਨੂੰ ਸਭ ਤੋਂ ਵਧੀਆ ਹਾਸਲ ਕਰਦਾ ਹੈ।

37. ਕੀ ਕਾਰੋਬਾਰਾਂ ਅਤੇ ਤੀਜੇ ਸੈਕਟਰ 'ਤੇ ਇਸ ਸਲਾਹ-ਮਸ਼ਵਰੇ ਵਿੱਚ ਤਜਵੀਜ਼ਾਂ ਦੇ ਸੰਭਾਵੀ ਪ੍ਰਭਾਵਾਂ ਬਾਰੇ ਤੁਹਾਡੇ ਕੋਈ ਵਿਚਾਰ ਹਨ?

### ਮਾਹੌਲ

104. Scotland ਵਿੱਚ, ਸਕਾਟਿਸ਼ ਸਰਕਾਰ ਸਮੇਤ ਜਨਤਕ ਸੰਸਥਾਵਾਂ ਨੂੰ ਉਨ੍ਹਾਂ ਦੀਆਂ ਯੋਜਨਾਵਾਂ, ਪ੍ਰੋਗਰਾਮਾਂ, ਅਤੇ ਰਣਨੀਤੀਆਂ ਦੇ ਮਾਹੌਲ 'ਤੇ ਪੈਣ ਵਾਲੇ ਸੰਭਾਵੀ ਪ੍ਰਭਾਵਾਂ ਦਾ ਮੁਲਾਂਕਣ ਕਰਨ, ਸਲਾਹ-ਮਸ਼ਵਰਾ ਕਰਨ, ਅਤੇ ਨਿਗਰਾਨੀ ਕਰਨ ਦੀ ਲੋੜ ਹੁੰਦੀ ਹੈ।

38. ਕੀ ਮਾਹੌਲ ਉੱਤੇ ਇਸ ਸਲਾਹ-ਮਸ਼ਵਰੇ ਵਿੱਚ ਤਜਵੀਜ਼ਾਂ ਦੇ ਸੰਭਾਵੀ ਪ੍ਰਭਾਵਾਂ 'ਤੇ ਤੁਹਾਡੇ ਕੋਈ ਵਿਚਾਰ ਹਨ?

© Crown copyright 2023

ਇਹ ਪ੍ਰਕਾਸ਼ਨ ਓਪਨ ਗਵਰਮਿੰਟ ਲਾਇਸੰਸ v3.0 ਦੀਆਂ ਸ਼ਰਤਾਂ ਦੇ ਅਧੀਨ ਲਾਇਸੰਸਸ਼ੁਦਾ ਹੈ, ਸਿਵਾਏ ਉਸ ਨੂੰ ਛੱਡ ਕੇ ਜਿੱਥੇ ਦੱਸਿਆ ਗਿਆ ਹੈ। ਇਸ ਲਾਇਸੰਸ ਨੂੰ ਦੇਖਣ ਲਈ, nationalarchives.gov.uk/doc/open-government-licence/version/3 'ਤੇ ਜਾਓ ਜਾਂ Information Policy Team, The National Archives, Kew, London TW9 4DU ਨੂੰ ਲਿਖੋ, ਜਾਂ ਇਸ ਪਤੇ 'ਤੇ ਈਮੇਲ ਕਰੋ: psi@nationalarchives.gsi.gov.uk.

ਜਿੱਥੇ ਅਸੀਂ ਕਿਸੇ ਤੀਜੀ ਧਿਰ ਦੀ ਕਾਪੀਰਾਈਟ ਜਾਣਕਾਰੀ ਦੀ ਪਛਾਣ ਕੀਤੀ ਹੈ ਤੁਹਾਨੂੰ ਸਬੰਧਤ ਕਾਪੀਰਾਈਟ ਧਾਰਕਾਂ ਤੋਂ ਆਗਿਆ ਲੈਣ ਦੀ ਜ਼ਰੂਰਤ ਹੋਏਗੀ।

ਇਹ ਪ੍ਰਕਾਸ਼ਨ www.gov.scot 'ਤੇ ਉਪਲਬਧ ਹੈ

ਇਸ ਪ੍ਰਕਾਸ਼ਨ ਸਬੰਧੀ ਕੋਈ ਪੁੱਛਗਿੱਛ ਸਾਨੂੰ ਇੱਥੇ ਭੇਜੀ ਜਾਣੀ ਚਾਹੀਦੀ ਹੈ

The Scottish Government
St Andrew's House
Edinburgh
EH1 3DG

ISBN: 978-1-83521-646-0 (ਸਿਰਫ਼ ਵੈੱਬ)

ਸਕਾਟਿਸ਼ ਸਰਕਾਰ ਦੁਆਰਾ ਪ੍ਰਕਾਸ਼ਿਤ, ਦਸੰਬਰ 2023

APS Group Scotland, 21 Tennant Street, Edinburgh EH6 5NA ਦੁਆਰਾ ਸਕਾਟਿਸ਼ ਸਰਕਾਰ ਲਈ ਤਿਆਰ ਕੀਤਾ ਗਿਆ
PPDAS1374074 (12/23)